26-March-Sunday.qxd 3/25/2023 9:44 PM Page 1

ਮੈਂ ਤੇ ਮੇਰੇ ਪਾਠਕ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

www.nawanzamana.in

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 26 ਮਾਰਚ 2023

ਕੀਮਤ 5.00 ਰੁਪਏ

ਤੁਮ੍ਹਾਰੇ ਪਾਂਵ ਕੇ ਨੀਚੇ ਜ਼ਮੀਨ ਨਹੀਂ
ਕਮਾਲ ਯੇ ਹੈ ਕਿ ਫਿਰ ਵੀ ਤੁਮ੍ਹੇ ਯਕੀਨ ਨਹੀਂ
ਜ਼ਰਾ ਸਾ ਤੌਰ-ਤਰੀਕੇ ਮੇਂ ਹੇਰ ਫੇਰ ਕਰੋ
ਤੁਮ੍ਹਾਰੇ ਹਾਥ ਮੇ ਕਾਲਰ ਹੋ ਆਸਤੀਨ ਨਹੀਂ।

- ਦੁਸ਼ਿਅੰਤ ਕੁਮਾਰ

ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ ਮੋਰਚਾ

ਅਜੋਕੇ ਸਰੋਕਾਰ

ਕਾਮਰੇਡ ਜਗਰੂਪ

(ਲੜੀ-1)

ਫਾਸ਼ੀਵਾਦ, ਕੇਵਲ ਸਰਮਾਏ ਦੇ ਵਿਗਿਆਨ ਦਾ ਇਤਿਹਾਸਕ ਵਰਤਾਰਾ ਹੈ । ਇਹ ਸਮਾਜਿਕ ਅਣਹੋਣੀ ਹੈ। ਸਮਾਜਿਕ ਵਿਗਿਆਨ ਵਿਚ ਇਸ ਦੀ ਕੋਈ ਥਾਂ ਨਹੀਂ ਹੈ। ਇਹ ਸਮਾਜਿਕ ਸੰਤੁਲਨ ਦੀ ਥਾਂ ਆਰਥਿਕ ਇਕਪਾਸੜਪੁਣਾ ਹੈ, ਜੋ ਸਮਾਜ ਲਈ ਹਾਨੀਕਾਰਕ ਹੈ। ਇਹ ਵਿਕਸਤ, ਸੱਭਿਆ ਸਮਾਜ ਉਤੇ ਬਦਨੁਮਾ ਧੱਬਾ ਹੈ। ਇਸ ਦੇ ਖਤਰੇ ਨੂੰ ਘੱਟ ਅੰਕਣਾ ਵੱਡੇ ਵਿਗਾੜਾਂ ਦਾ ਮੁੱਢ ਬੰਨ੍ਹਣਾ ਹੈ।

ਸਮਾਜਿਕ-ਵਿਗਿਆਨ ਦੀ ਸਮਝਦਾਰੀ ਇਸ ਵਰਤਾਰੇ ਨੂੰ ਰੋਕਣ ਦੇ ਸਮਰੱਥ ਹੈ, ਪਰ "ਨੀਮ-ਹਕੀਮੀ" ਨਾਲ ਕੰਮ ਨਹੀਂ ਚੱਲਦਾ, ਨਹੀਂ ਚੱਲੇਗਾ। ਦਾਰਸ਼ਨਿਕ ਸੂਝ ਦੀ ਅਗਵਾਈ ਜ਼ਰੂਰੀ ਹੈ।

ਇਸ ਵਰਤਾਰੇ ਦੇ ਵਾਪਰਨ ਦਾ ਕਾਰਨ ਬੁਰਜੂਆ ਦੇ ਵਿਰੋਧੀ ਪੱਖ, ਪਰੋਲੇਤਾਰੀ ਅਮਲ ਦੇ ਵਿਗਿਆਨ-ਪੱਖ ਦੀ ਅਣਦੇਖੀ, ਗੈਰ-ਸਰਗਰਮੀ ਵਿਚ ਲੱਭਦਾ ਹੈ। ਇਸ ਧਿਰ ਦੀ "ਸਿਧਾਂਤ ਅਤੇ ਅਮਲ" ਦੀ ਕਚਿਆਈ ਵਿਚ ਇਸ ਦੀਆਂ ਜੜ੍ਹਾਂ ਹਨ।

ਜਿਹੜਾ ਕੋਈ ਸੁਹਿਰਦਤਾ ਅਤੇ ਨੇਕ-ਦਿਲੀ ਨਾਲ ਇਸ ਦਾ ਰਾਹ ਰੋਕਣਾ ਚਾਹੁੰਦਾ ਹੈ ਜਾਂ ਸੱਤਾ ਤੋਂ ਲਾਹੁਣਾ ਚਾਹੁੰਦਾ ਹੈ, ਉਸ ਨੂੰ ਇਸ ਦੇ "ਵਿਸ਼ਲੇਸ਼ਨ ਅਤੇ ਸੰਸਲੇਸ਼ਨ ਦੀ ਏਕਤਾ" ਦੇ ਨੇਮ ਵਿੱਚੋਂ ਆਪਣੇ ਸਿਧਾਂਤਕ-ਅਮਲ ਨੂੰ ਵਾਰ-ਵਾਰ ਪਰਖਣਾ-ਪੜਤਾਲਣਾ ਪਵੇਗਾ, ਕਰਨਾ ਹੋਵੇਗਾ, ਕਿਉਂਕਿ ਇੱਥੇ ਗਲਤੀ ਭਾਰੀ ਪੈਣ ਦਾ ਡਰ, ਘਾਤਕ ਰੂਪ ਵਿਚ ਮੌਜੂਦ ਹੁੰਦਾ ਹੈ।

ਯਾਦ ਰਹੇ, ਬੱਚੇ ਦਾ ਜਨਮ ਵਿਗਿਆਨਕ ਵਰਤਾਰਾ ਹੈ। ਬੱਚਾ, ਮਾਂ-ਬਾਪ ਦੇ ਸੰਯੋਗ (ਮਿਲਣ) ਦਾ ਫਲ ਹੈ। ਪਰਵਾਰਕ "ਯੋਜਨਾਬੰਦੀ" ਨਾਲ ਬੱਚੇ ਦਾ ਜਨਮ ਰੋਕਿਆ ਜਾ ਸਕਦਾ ਹੈ ਅਤੇ ਰੋਕਿਆ ਜਾਂਦਾ ਹੈ।

ਫਾਸ਼ੀਵਾਦ,ਸਮਾਜ ਵਿਚ ਲਗਾਤਾਰ ਬਦਲਦੇ ਸਰਮਾਏਦਾਰੀ ਰੂਪ ਦਾ ਨਵਾਂ, ਸਿਫਤੀ ਫਰਕ ਵਾਲਾ ਹਕੂਮਤੀ ਰੂਪ ਹੈ। ਜੋ ਅਸਾਵੇਂ ਆਰਥਿਕ ਆਧਾਰ ਉਤੇ, ਨਵੇਂ, ਗੈਰ ਵਾਜਬ ਸੰਬੰਧ, ਧੱਕੇ ਨਾਲ ਸਮਾਜ ਉਪਰ ਠੋਸਦਾ ਹੈ। ਇਹ ਇਕ ਤਰਫੇ, ਕੇਵਲ ਸਰਮਾਏ ਦੇ ਵਿਗਿਆਨ ਦਾ ਨਤੀਜਾ ਹੈ। ਇਸ ਨੂੰ ਸਮਾਜਿਕ "ਯੋਜਨਾਬੱਧ-ਹੰਭਲੇ" ਨਾਲ ਰੋਕਿਆ ਜਾਂਦਾ ਹੈ ਅਤੇ ਇਹ ਰੋਕਿਆ ਜਾ ਸਕਦਾ ਹੈ।

ਇਸ ਲਈ ਸਮਾਜਿਕ ਵਿਗਿਆਨ ਦੀਆਂ ਪੇਚੀਦਗੀਆਂ, ਬਾਰੀਕੀਆਂ ਦੀ ਸੁੱਘੜ-ਸਿਆਣੀ ਵਰਤੋਂ, ਭਾਵ "ਚੇਤਨ-ਦਵੰਦਵਾਦ" ਦੀ ਲੋੜ ਪੈਂਦੀ ਹੈ।

ਮਾਰਕਸੀ ਵਿੱਦਿਆ ਦੀਆਂ ਬਾਰੀਕੀਆਂ ਦਾ ਮੌਜੂ ਉਡਾਉਣ ਵਾਲੇ ਅਤੇ ਭਾੜੇ ਦੇ ਬੁੱਧੀਜੀਵੀਆਂ ਦੇ ਕੂੜ ਪ੍ਰਚਾਰ ਦਾ ਇਹ ਸਮਾਜਿਕ ਪ੍ਰਭਾਵ ਹੈ ਕਿ ਸੁਹਿਰਦ ਅਤੇ ਜਮਾਤੀ ਧਿਰ ਦੇ ਕਾਰਕੁੰਨ ਵੀ ਟਪਲਾ ਖਾ ਜਾਂਦੇ ਹਨ। ਉਹ "ਮਿਕਦਾਰੀ ਤਬਦੀਲੀਆਂ ਨਾਲ ਵਾਪਰਦੀਆਂ ਸਿਫਤੀ ਤਬਦੀਲੀਆਂ" ਨੂੰ ਨਜ਼ਰਅੰਦਾਜ਼ ਕਰਨ ਲੱਗਦੇ ਹਨ। ਉਹ ਮਾਰਕਸਵਾਦ ਨੂੰ "ਪਦਾਰਥਵਾਦ-ਵਿਰੋਧ ਵਿਕਾਸੀ" ਦੀ ਥਾਂ, "ਕੱਟੜ ਮੱਤ" (Dogma) ਬਣਾ ਲੈਂਦੇ ਹਨ।

ਉਹ ਸਰਮਾਏਦਾਰੀ ਦੇ ਵਿਕਾਸ ਵਿਚਲੀਆਂ ਸਿਫਤੀ ਤਬਦੀਲੀਆਂ ਨੂੰ, ਉਹਨਾਂ ਦੇ ਸਮਾਜਿਕ ਪ੍ਰਭਾਵ ਨੂੰ ਸਮਝਣ ਵਿਚ ਅਸਮਰੱਥ ਹੋਣ ਕਾਰਨ, ਸਮਾਜ ਵਿਚ ਜਮਾਤੀ ਸਮਝਦਾਰੀ ਵਿਕਸਤ ਕਰਨ ਵਿਚ ਰੋੜਾ ਬਣਦੇ ਹਨ। ਉਹ ਚੇਤਨ ਸਮਝਦਾਰੀ ਹਾਸਲ ਕਰਨ ਦੀ ਥਾਂ ਸਵਾਲ ਉਠਾਉਣ 'ਤੇ ਵੀ, ਅੱਗੋਂ ਕਹਿ ਛੱਡਦੇ ਨੇ, "ਇਕੋ ਹੀ ਗੱਲ ਹੈ" ਜਾਂ "ਮੇਰਾ ਮਤਲਬ ਵੀ ਇਹੀ ਸੀ" ਆਦਿ।

ਮਾਰਕਸ ਨੇ ਆਪਣੀ ਪ੍ਰਸਿੱਧ ਪੁਸਤਕ "ਦਾਸ ਕੈਪੀਟਲ" ਵਿਚ ਦਰਜ ਕੀਤਾ ਕਿ :

'ਕਿਸੇ ਸਮਾਜ ਵਿਚ ਸਰਮਾਇਆ ਆਪਣੀ ਸਿਖਰ ਉਦੋਂ ਹਾਸਲ ਕਰਦਾ ਹੈ, ਜਦੋਂ ਕੁਲ ਸਮਾਜਿਕ ਸਰਮਾਇਆ ਇਕ ਵਿਅਕਤੀ ਹੱਥ ਜਾਂ ਇਕ ਕੰਪਨੀ ਅਧੀਨ ਕੰਮ ਕਰਦਾ ਹੈ'। (ਇਹ ਚਿਤਵਨ 'ਸਰਮਾਏ ਦੇ ਵਿਗਿਆਨ' ਅਨੁਸਾਰ ਹੈ)

> *ਫਾਸ਼ੀਵਾਦ,ਸਮਾਜ ਵਿਚ ਲਗਾਤਾਰ ਬਦਲਦੇ ਸਰਮਾਏਦਾਰੀ ਰੂਪ ਦਾ ਨਵਾਂ, ਸਿਫਤੀ ਫਰਕ ਵਾਲਾ ਹਕੂਮਤੀ ਰੂਪ ਹੈ। ਜੋ ਅਸਾਵੇਂ ਆਰਥਿਕ ਆਧਾਰ ਉਤੇ, ਨਵੇਂ, ਗੈਰ ਵਾਜਬ ਸੰਬੰਧ, ਧੱਕੇ ਨਾਲ ਸਮਾਜ ਉਪਰ ਠੋਸਦਾ ਹੈ। ਇਹ ਇਕ ਤਰਫੇ, ਕੇਵਲ ਸਰਮਾਏ ਦੇ ਵਿਗਿਆਨ ਦਾ ਨਤੀਜਾ ਹੈ। ਇਸ ਨੂੰ ਸਮਾਜਿਕ "ਯੋਜਨਾਬੱਧ-ਹੰਭਲੇ" ਨਾਲ ਰੋਕਿਆ ਜਾਂਦਾ ਹੈ ਅਤੇ ਇਹ ਰੋਕਿਆ ਜਾ ਸਕਦਾ ਹੈ।*

ਇਸ ਦਾ ਮਤਲਬ ਇਹ ਵੱਖ-ਵੱਖ ਸਮੇਂ, ਵੱਖ-ਵੱਖ ਰੂਪ ਵਿੱਚੋਂ ਦੀ ਲੰਘਦਾ ਹੈ। ਸਰਮਾਏ ਦੇ ਇਤਿਹਾਸਕ ਰੂਪ :

ਸਰਮਾਏ ਦਾ ਮੁੱਢਲਾ ਪੈਦਾਵਾਰੀ (ਆਜ਼ਾਦ ਵਿਕਾਸ) ਰੂਪ, ਫਿਰ ਅਜਾਰੇਦਾਰੀ ਪੈਦਾਵਾਰੀ ਰੂਪ,

ਫਿਰ ਸਾਮਰਾਜਵਾਦੀ ਪੈਦਾਵਾਰੀ ਰੂਪ,

ਫਿਰ ਬਹੁ-ਕੌਮੀ, ਪਾਰ-ਕੌਮੀ, (ਗਲੋਬਲ) ਕੰਪਨੀ ਪੈਦਾਵਾਰੀ ਰੂਪ।

ਬੁਰਜੂਆ ਸਮਾਜ ਵਿਚ ਹਰ ਪੈਦਾਵਾਰੀ-ਰੂਪ ਆਪਣੇ ਆਧਾਰ ਉਤੇ, ਆਪਣਾ ਉਸਾਰ : ਰਾਜ, ਵਿਧਾਨ (ਕਾਨੂੰਨ ਬਣਾਉਣ, ਲਾਗੂ ਕਰਨ ਅਤੇ ਨਿਆਂਇਕ ਢਾਂਚਾ), ਸੱਭਿਆਚਾਰ, ਦਰਸ਼ਨ ਆਦਿ, ਬਣਾਉਂਦਾ, ਸਥਾਪਤ ਕਰਦਾ ਹੈ।

ਬੇਲੋੜੀ ਬਹਿਸ ਤੇ ਭਟਕਾਅ ਤੋਂ ਬਚਣ ਲਈ ਅਤੇ ਨਾਲ ਹੀ ਇਕ ਪਾਸੜ ਹੋਣ ਤੋਂ ਬਚਾਅ ਲਈ, ਮਾਰਕਸ ਦੇ "ਆਧਾਰ ਅਤੇ ਉਸਾਰ" ਦੇ ਵਿਰੋਧ ਵਿਕਾਸੀ ਨੇਮ ਦੀ ਲੱਭਤ :

"ਆਧਾਰ, ਉਸਾਰ ਨੂੰ ਸਿਰਜਦਾ ਹੈ ਅਤੇ ਉਸਾਰ ਆਧਾਰ ਨੂੰ ਪ੍ਰਭਾਵਤ ਕਰਦਾ ਹੈ" ਦੀ ਸਿਧਾਂਤਕ ਸਮਝਦਾਰੀ ਨੂੰ ਆਪਣੀ ਚੇਤਨ ਸੂਝ ਦਾ ਹਿੱਸਾ ਬਣਾਉਂਦਿਆਂ ਇਸ ਸੂਝ ਉਤੇ ਕਾਇਮ ਰਹਿਣਾ ਚਾਹੀਦਾ ਹੈ। ਇਸ ਸਮਝ ਨੂੰ ਉਲਟਾ ਕਰਨ ਜਾਂ ਨਜ਼ਰਅੰਦਾਜ਼ ਕਰਨ ਦਾ ਮਹਿੰਗਾ ਮੁੱਲ ਤਾਰਨਾ ਪੈਂਦਾ ਹੈ। ਆਧਾਰ ਬਦਲਣ ਦੀ ਲੜਾਈ ਨੂੰ, "ਉਸਾਰ ਵਿਰੁੱਧ ਘੋਲ" ਨਾਲ ਵਟਾਇਆ ਨਹੀਂ ਜਾ ਸਕਦਾ। ਕੇਵਲ 'ਉਸਾਰ ਵਿਰੁੱਧ ਘੋਲ', ਵਿਕਸਤ ਸਰਮਾਏਦਾਰਾ ਸਮਾਜ ਵਿਚ ਨਿਹਫਲ ਰਹਿੰਦਾ ਹੈ।

ਨੀਮ ਹਕੀਮ ਖਤਰਾ ਏ ਜਾਨ

ਫਾਸ਼ੀਵਾਦ ਨੂੰ ਸਮਝਣ ਲਈ ਇਸ ਤੋਂ ਪਹਿਲੇ, ਜਿਸ ਦੀ ਥਾਂ, ਇਸ ਦੇ ਨਵੇਂ ਰੂਪ ਨੇ ਲਈ ਹੈ, ਭਾਵ ਸਾਮਰਾਜਵਾਦ ਨੂੰ ਸਮਝਣਾ ਜ਼ਰੂਰੀ ਹੈ।

"20ਵੀਂ ਸਦੀ ਦਾ ਅਰੰਭ ਇਸ ਦਾ ਸੂਚਕ ਹੈ, ਜਦੋਂ ਪੁਰਾਣੇ ਸਰਮਾਏ ਦਾ ਦਾਬਾ, ਨਵੇਂ ਸਰਮਾਏ ਭਾਵ ਉਤਪਾਦਕ ਸਰਮਾਏ ਦਾ ਦਾਬਾ, ਮਾਲੀ ਸਰਮਾਏ ਦੇ ਦਾਬੇ ਦਾ ਮੋੜ ਕੱਟ ਗਿਆ।" (ਲੈਨਿਨ)

ਸਾਮਰਾਜਵਾਦ ਵਿਚ ਇਹ ਨਵਾਂ, ਸਿਫਤੀ ਫਰਕ ਨੋਟ ਕਰਨਾ ਜ਼ਰੂਰੀ ਹੈ। ਸਾਮਰਾਜਵਾਦ, ਮਾਲੀ ਸਰਮਾਏ ਦਾ ਰਾਜ ਹੈ।

ਦਾਰਸ਼ਨਿਕ ਰੂਪ ਵਿੱਚ ਇਸ ਨੂੰ ਇੱਕੋ ਸ਼ਬਦ "ਬੁਰਜੂਆ" (ਮੁੱਢਲੇ ਸਰਮਾਏਦਾਰੀ ਪੈਦਾਵਾਰੀ-ਰੂਪ ਤੇ ਫਾਸ਼ੀਵਾਦੀ ਪੈਦਾਵਾਰੀ-ਸੰਬੰਧਾਂ ਤੱਕ)

ਰੂਪ-ਬਦਲੀ ਦੇ ਲੱਛਣ ਵਜੋਂ, ਵਿਚਾਰ ਸਕਦੇ ਹਾਂ, ਪਰ ਸਾਮਰਾਜਵਾਦ, 19ਵੀਂ ਸਦੀ ਦੇ ਖਾਤਮੇ ਅਤੇ 20ਵੀਂ ਸਦੀ ਦੇ ਅਰੰਭ ਦਾ ਵਰਤਾਰਾ ਹੈ ਅਤੇ "ਫਾਸ਼ੀਵਾਦ" 20ਵੀਂ ਸਦੀ ਦੇ ਤੀਜੇ ਦਹਾਕੇ ਦਾ ਵਰਤਾਰਾ ਹੈ। ਹੁਣ ਪ੍ਰੌੜ੍ਹ ਰੂਪ ਵਿਚ ਮੂੰਹ ਜ਼ੋਰ (ਐਲਾਨੀਆ) ਹੋ ਰਿਹਾ ਹੈ।

ਇਸ ਨੂੰ ਸਮਝਣ ਲਈ ਕਮਿਊਨਿਸਟ ਇੰਟਰਨੈਸ਼ਨਲ ਦੀ 7ਵੀਂ ਕਾਂਗਰਸ (1935) ਵਿਚ ਜਨਰਲ ਸਕੱਤਰ ਜਾਰਜੀ ਦਮਿਤਰੋਵ ਵੱਲੋਂ ਪੇਸ਼-ਪ੍ਰਵਾਨਤ ਰਿਪੋਰਟ ਬਹੁਤ ਹੱਦ ਤੱਕ ਸਹਾਈ ਹੁੰਦੀ ਹੈ ਜਾਂ ਪੜ੍ਹਿਆ ਹੋ ਸਕਦੀ ਹੈ।

ਆਓ ਦਮਿਤਰੋਵ ਰਿਪੋਰਟ 'ਤੇ ਝਾਤ ਮਾਰੀਏ :

(2)

ਕਮਿਊਨਿਸਟ ਇੰਟਰਨੈਸ਼ਨਲ ਦੀ ਸੱਤਵੀਂ ਕਾਂਗਰਸ (1935) ਛੇਵੀਂ ਕਾਂਗਰਸ ਦਾ ਹਵਾਲਾ ਦਰਜ ਕਰਦੀ ਹੈ :

'ਵੱਧ ਜਾਂ ਘੱਟ ਵਿਕਸਤ ਰੂਪ ਵਿਚ ਫਾਸ਼ੀਵਾਦੀ ਝੁਕਾਅ ਅਤੇ ਫਾਸ਼ੀਵਾਦੀ ਲਹਿਰ ਦੇ ਜਰਾਸੀਮ ਲੱਗਭੱਗ ਹਰ ਥਾਂ ਮਿਲਦੇ ਹਨ।'

ਕੁਝ ਦੇਸ਼ਾਂ ਵਿਚ ਫਾਸ਼ੀਵਾਦ ਸੱਤਾਧਾਰੀ ਬਣ ਗਿਆ ਸੀ ਅਤੇ ਕਈ ਥਾਈਂ ਸੱਤਾ ਹਥਿਆਉਣ ਲਈ ਸਰਗਰਮ ਸੀ। ਸੋ ਸਪੱਸ਼ਟ ਹੈ, ਬੁਰਜੂਆ (ਇਕ ਪਾਸੜ) ਵਿਕਾਸ ਵਿਚ 'ਫਾਸ਼ੀਵਾਦ' ਨਵਾਂ ਹਕੂਮਤੀ ਰੂਪ ਧਾਰਨਾ ਹੈ। ਜਿਸ ਦੇ ਕਾਰਨਾਂ ਨੂੰ ਰਿਪੋਰਟ ਦਰਜ ਕਰਦੀ ਹੈ :

'ਇਸ ਨੂੰ ਇਸ ਤੱਥ ਦਾ ਲੱਛਣ ਵੀ ਸਮਝਿਆ ਜਾਣਾ ਚਾਹੀਦਾ ਹੈ ਕਿ ਬੁਰਜੂਆਜੀ ਹੁਣ ਪਾਰਲੀਮਾਨੀ ਤੇ ਬੁਰਜੂਆ ਜਮਹੂਰੀਅਤ ਦੇ ਪੁਰਾਣੇ ਢੰਗ ਨਾਲ ਰਾਜ ਕਰਨ ਵਿਚ ਅਸਮਰਥ ਹੋ ਚੁੱਕੀ ਹੈ ਅਤੇ ਸਿੱਟੇ ਵਜੋਂ ਆਪਣੀ ਗ੍ਰਹਿ ਨੀਤੀ ਵਿਚ ਪ੍ਰਸ਼ਾਸਨ ਦੇ ਜਾਬਰ ਢੰਗ ਅਪਨਾਉਣ ਲਈ ਮਜਬੂਰ ਹੈ।'

ਫਾਸ਼ੀਵਾਦੀ ਸੱਤਾ ਕੀ ਹੈ?

ਰਿਪੋਰਟ ਦਰਜ ਕਰਦੀ ਹੈ:

'ਸੱਤਾਧਾਰੀ ਫਾਸ਼ੀਵਾਦ ਸਭ ਤੋਂ ਵੱਧ ਪਿਛਾਖੜੀ, ਸਭ ਤੋਂ ਵੱਧ ਸ਼ਾਵਨਵਾਦੀ ਅਤੇ ਮਾਲੀ ਸਰਮਾਏ ਦੇ ਸਭ ਤੋਂ ਵੱਧ ਸਾਮਰਾਜਵਾਦੀ ਤੱਤਾਂ ਦੀ ਨੰਗੀ-ਚਿੱਟੀ ਜਾਬਰ ਡਿਕਟੇਟਰਸ਼ਿਪ ਹੈ।'

'ਫਾਸ਼ੀਵਾਦ ਜਮਾਤਾਂ ਤੋਂ ਉਪਰ ਉੱਠੀ ਸਰਕਾਰ ਨਹੀਂ ਹੈ..... ਫਾਸ਼ੀਵਾਦ ਖੁਦ ਮਾਲੀ ਸਰਮਾਏ ਦੀ ਹੀ ਸੱਤਾ ਹੈ।'

ਉਪਰੋਕਤ ਤੱਥ 'ਸਾਮਰਾਜਵਾਦ' ਨੂੰ ਪਰਭਾਸ਼ਤ ਕਰਦਿਆ ਲੈਨਿਨ ਦੇ ਕਥਨ :

"ਪੁਰਾਣੇ ਸਰਮਾਏ ਦੇ ਦਾਬੇ ਦੀ ਥਾਂ ਨਵੇਂ ਸਰਮਾਏ, ਭਾਵ ਮਾਲੀ ਸਰਮਾਏ ਦੇ ਦਾਬੇ ਦਾ ਮੋੜ ਕੱਟ ਗਿਆ ਹੈ' ਦੀ ਪੁਰਜ਼ੋਰ ਪੁਸ਼ਟੀ ਕਰਦਾ ਹੈ ਅਤੇ ਸਾਨੂੰ (ਅੱਜ) ਸਮਝਾਉਣ ਵਿਚ ਕੋਈ ਭਰਮ ਨਹੀ ਛੱਡਦਾ ਕਿ ਸਦੀ ਪਹਿਲਾਂ ਮਾਲੀ ਸਰਮਾਏ ਦੇ ਦਾਬੇ ਵੱਲੋਂ ਕੱਟਿਆ ਮੋੜ ਹੁਣ ਨਵਾਂ ਸਿਫਤੀ ਗੁਣ ਗ੍ਰਹਿਣ ਕਰਕੇ ਮਿਕਦਾਰੀ ਵਾਧੇ ਨਾਲ ਸਿਫਤੀ ਫਰਕ ਵਾਲਾ ਹੋ, 'ਦਾਬੇ' ਤੋਂ 'ਧੌਂਸ' ਵਾਲਾ ਬਣ ਗਿਆ ਹੈ।"

> *'ਕਿਸੇ ਸਮਾਜ ਵਿਚ ਸਰਮਾਇਆ ਆਪਣੀ ਸਿਖਰ ਉਦੋਂ ਹਾਸਲ ਕਰਦਾ ਹੈ, ਜਦੋਂ ਕੁਲ ਸਮਾਜਿਕ ਸਰਮਾਇਆ ਇਕ ਵਿਅਕਤੀ ਹੱਥ ਜਾਂ ਇਕ ਕੰਪਨੀ ਅਧੀਨ ਕੰਮ ਕਰਦਾ ਹੈ'।*

ਹੁਣ ਮਾਲੀ ਸਰਮਾਏ ਦੀ ਹਕੂਮਤੀ ਧੌਂਸ ਹੈ। ਹਕੂਮਤਾਂ (ਸਰਕਾਰਾਂ) ਉਸ ਦੇ ਇਸ਼ਾਰੇ 'ਤੇ ਅਮਲ ਕਰਨ ਲਈ ਪਾਬੰਦ ਹਨ।

ਉਸ ਦੇ ਕੰਮ-ਢੰਗ ਦੀ ਸੇਧ ਤੇ ਅਮਲ ਦਮਿਤਰੋਵ ਦੀ ਰਿਪੋਰਟ ਵਿਚ ਇੰਜ ਦਰਜ ਹੈ :

'ਫਾਸ਼ੀਵਾਦ ਭਾਵੇਂ ਕੋਈ ਵੀ ਬੁਰਕਾ ਪਾਉਂਦਾ ਹੈ, ਉਹ ਆਪਣੇ ਆਪ ਨੂੰ ਭਾਵੇਂ ਕਿਸੇ ਵੀ ਰੂਪ ਵਿਚ ਪੇਸ਼ ਕਰਦਾ ਹੈ, ਭਾਵੇਂ ਕਿਸੇ ਵੀ ਢੰਗ ਨਾਲ ਸੱਤਾ ਹਥਿਆਉਂਦਾ ਹੈ, ਫਾਸ਼ੀਵਾਦ ਸਰਮਾਏ ਦਾ ਮਿਹਨਤਕਸ਼ ਜਨ-ਸਮੂਹਾਂ 'ਤੇ ਸੱਭ ਤੋਂ ਵੱਡਾ ਖੂੰਖਾਰ ਹਮਲਾ ਹੈ।'

'ਫਾਸ਼ੀਵਾਦ ਬੇਲਗਾਮ ਸ਼ਾਵਨਵਾਦ ਅਤੇ ਪਸਾਰਵਾਦੀ ਜੰਗ ਹੈ, ਫਾਸ਼ੀਵਾਦ ਹਲਕਾਇਆ ਪਿਛਾਖੜ ਅਤੇ ਉਲਟ ਇਨਕਲਾਬ ਹੈ, ਫਾਸ਼ੀਵਾਦ ਮਜ਼ਦੂਰ ਜਮਾਤ ਅਤੇ ਸਮੁੱਚੇ ਮਿਹਨਤਕਸ਼ਾਂ ਦਾ ਸਭ ਤੋਂ ਵੱਧ ਕੁਟਲ ਦੁਸ਼ਮਣ ਹੈ।'

ਦਮਿਤਰੋਵ ਨੇ ਰਿਪੋਰਟ ਵਿਚ ਦਰਜ ਕੀਤਾ ਕਿ—

'ਜਰਮਨੀ ਵਿਚ 90 ਫੀਸਦੀ ਲੋਕਾਂ ਦਾ, ਆਸਟਰੀਆ ਵਿਚ 90 ਫੀਸਦੀ ਲੋਕਾਂ ਦਾ ਅਤੇ ਫਾਸ਼ੀਵਾਦ ਦੂਸਰੇ ਦੇਸ਼ਾਂ ਦੇ 90 ਫੀਸਦੀ ਲੋਕਾਂ ਦਾ ਦੁਸ਼ਮਣ ਹੈ।'

ਹੁਣ ਸਵਾਲ ਉਠਦਾ ਹੈ ਕਿ ਜਨ-ਸਮੂਹਾਂ ਦਾ ਵਿਰੋਧੀ ਹੋਣ ਦੇ ਬਾਵਜੂਦ ਫਾਸ਼ੀਵਾਦ ਸੱਤਾ ਕਿਵੇਂ ਹਥਿਆ ਲੈਂਦਾ ਹੈ।

ਇਹ ਸਵਾਲ 88 ਸਾਲਾਂ (1935 ਪਿਛੋਂ) ਬਾਅਦ ਹੁਣ (ਭਾਰਤ) ਦੇ ਸੰਦਰਭ ਵਿਚ ਵੀ ਵਧੇਰੇ ਵਾਜਬ ਹੈ। ਇਥੇ ਵੀ ਸੱਤਾ 90 ਫੀਸਦੀ ਜਨ-ਸਮੂਹਾਂ ਦੇ ਵਿਰੁੱਧ ਹੈ। ਦਮਿਤਰੋਵ ਨੇ ਆਪਣੀ ਰਿਪੋਰਟ ਵਿੱਚ ਜੋ ਕਾਰਨ ਗਿਣਾਏ ਹਨ, ਉਹ ਧਿਆਨ ਦੇਣਾ ਲੋੜਦੇ ਹਨ। ਉਹਨਾਂ ਵਿਚੋਂ ਅੱਜ ਵੀ ਸੇਧ ਮਿਲਦੀ ਹੈ, ਪਰ ਨਾਲ ਹੀ ਬੁਰਜੂਆ ਦੇ ਵਿਰੋਧੀ ਪੱਖ, ਪਰੋਲਤਾਰੀ ਲਹਿਰ ਦੇ ਵਿਗਿਆਨ ਦੀ ਅਮਲੀ ਉਕਤਾਈ, ਗੈਰ-ਹਾਜ਼ਰੀ ਵੀ ਰੜਕਦੀ ਹੈ। ਇਸ ਨੂੰ ਅਜੋਕੇ ਦੌਰ ਵਿਚ ਮੁਲਾਂਕਣ ਕਰਦੇ ਸਮੇਂ ਵਿਸ਼ੇਸ਼ ਤੌਰ 'ਤੇ ਵਿਚਾਰਾਂਗੇ, ਜਿਸ ਦੀ ਵਿਗਿਆਨਕ ਸਮਝਦਾਰੀ ਬਗੈਰ ਫਾਸ਼ੀਵਾਦ ਵਿਰੁੱਧ ਸਫਲਤਾ ਅਸੰਭਵ ਹੈ।

ਦਮਿਤਰੋਵ ਰਿਪੋਰਟ ਵਿਚ ਦਰਜ ਕਾਰਕਾਂ ਦੀ ਵਿਸਤ੍ਰਿਤ ਸਮਝ ਜ਼ਰੂਰੀ ਹੈ। ਉਹ ਤਜਰਬੇ ਦੇ ਆਧਾਰ ਤੇ ਲਿਖਦੇ ਹਨ :

'ਫਾਸ਼ੀਵਾਦੀ ਡਿਕਟੇਟਰਸ਼ਿਪ ਦੀ ਸਥਾਪਤੀ ਤੋਂ ਪਹਿਲਾਂ ਬੁਰਜੂਆ ਸਰਕਾਰ ਆਮ ਕਰਕੇ ਕਈ ਮੁੱਢਲੇ ਪੜਾਵਾਂ ਵਿਚੋਂ ਲੰਘਦੀ ਹੈ ਅਤੇ ਕਈ ਪਿਛਾਖੜੀ ਕਦਮ ਪੁਟਦੀ ਹੈ, ਜੋ ਫਾਸ਼ੀਵਾਦ ਦੇ ਸੱਤਾ 'ਤੇ ਕਾਬਜ਼ ਹੋਣ ਨੂੰ ਸਿੱਧੇ ਤੌਰ 'ਤੇ ਸਹਿਲ ਬਣਾਉਂਦੇ ਹਨ। ਜੋ ਵੀ ਬੁਰਜੂਆਜੀ ਦੇ ਇਨ੍ਹਾਂ ਪਿਛਾਖੜੀ ਕਦਮਾਂ ਵਿਰੁੱਧ ਅਤੇ ਫਾਸ਼ੀਵਾਦ ਦੇ ਇਹਨਾਂ ਮੁੱਢਲੇ ਪੜਾਵਾਂ 'ਤੇ ਵਾਧੇ ਵਿਰੁੱਧ ਨਹੀਂ ਲੜਦਾ, ਉਹ ਫਾਸ਼ੀਵਾਦ ਨੂੰ ਰੋਕਣ ਦੀ ਸਥਿਤੀ ਵਿਚ ਨਹੀਂ ਹੈ, ਸਗੋਂ ਇਸ ਦੇ ਉਲਟ ਇਸ ਦੀ ਜਿੱਤ ਨੂੰ ਸਹਿਲ ਬਣਾਉਂਦਾ ਹੈ।'

ਦਮਿਤਰੋਵ ਨਿਸ਼ਾਨਾ ਸਾਧਦੇ ਹਨ :

'ਸੋਸ਼ਲ ਡੈਮੋਕਰੇਟਿਕ ਲੀਡਰਾਂ ਨੇ ਫਾਸ਼ੀਵਾਦ ਦੇ ਸਹੀ ਜਮਾਤੀ ਖਾਸੇ ਨੂੰ ਅੱਖੋਂ ਉਹਲੇ ਕੀਤਾ ਅਤੇ ਜਨ-ਸਮੂਹਾਂ ਕੋਲੋਂ ਛੁਪਾ ਕੇ ਰੱਖਿਆ ਅਤੇ ਉਹਨਾਂ ਨੂੰ ਬੁਰਜੂਆਜੀ ਦੇ ਵਧਦੇ ਹੋਏ ਪਿਛਾਖੜੀ ਕਦਮਾਂ ਵਿਰੁੱਧ ਸੰਘਰਸ਼ ਕਰਨ ਦਾ ਸੱਦਾ ਨਹੀਂ ਦਿੱਤਾ। ਫਾਸ਼ੀਵਾਦੀ ਦੇਸ਼ਾਂ ਦੇ ਮਿਹਨਤਕਸ਼ ਜਨ-ਸਮੂਹਾਂ ਦਾ ਇਕ ਵੱਡਾ ਭਾਗ ਇਹ ਸਮਝਣ ਵਿਚ ਅਸਮਰਥ ਰਿਹਾ ਕਿ ਫਾਸ਼ੀਵਾਦ ਮਾਲੀ

26-March-Sunday.qxd 3/25/2023 9:55 PM Page 5

ਭਾਰਤ ਦੀ ਰਾਜਨੀਤੀ ਤੇ ਕੂਟਨੀਤੀ ਵਿੱਚ ਨਵੇਂ ਮੋੜ ਵਾਲੇ ਸੰਕੇਤ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਮਾਰਚ ਦੀ ਅਠਾਰਾਂ ਤੋਂ ਪੰਝੀ ਤਰੀਕ ਤੱਕ ਦਾ ਸਮਾਂ ਪੰਜਾਬ ਦੀ ਰਾਜਨੀਤੀ ਲਈ ਵੀ ਭੁਚਾਲੀ ਘਟਨਾਵਾਂ ਦਾ ਸੀ ਤੇ ਭਾਰਤੀ ਰਾਜਨੀਤੀ ਵਿੱਚ ਵੀ ਨਵਾਂ ਦੌਰ ਸ਼ੁਰੂ ਹੋਣ ਦਾ ਸੰਕੇਤ ਦੇਣ ਵਾਲਾ ਬਣ ਗਿਆ। ਕੋਈ ਇਹ ਸਮਝੇ ਜਾਂ ਨਾ ਸਮਝੇ, ਇਸ ਹਫਤੇ ਭਾਰਤ ਸਰਕਾਰ, ਜਿਹੜੀ ਕਹਿਣ ਨੂੰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਤੇ ਅਸਲ ਵਿੱਚ ਇਕੱਲੇ ਆਗੂ ਨਰਿੰਦਰ ਮੋਦੀ ਦੀ ਅਗਵਾਈ ਹੇਠ ਚੱਲਣ ਵਾਲੀ ਹੈ, ਆਪਣੇ ਉਸ ਨਵੇਂ ਰੂਪ ਵਿੱਚ ਸੰਸਾਰ ਸਾਹਮਣੇ ਆਈ ਹੈ, ਜਿਸ ਦਾ ਖਿਆਲ ਤਾਂ ਕਈਆਂ ਨੂੰ ਆਉਂਦਾ ਸੀ, ਪਰ ਯਕੀਨ ਨਹੀਂ ਸੀ ਆਉਂਦਾ। ਇਸ ਹਫਤੇ ਦੌਰਾਨ ਇੱਕ ਪਾਸੇ ਭਾਰਤ ਦੀ ਸਭ ਤੋਂ ਪੁਰਾਣੀ ਤੇ ਸਭ ਤੋਂ ਲੰਮਾਂ ਸਮਾਂ ਰਾਜ ਕਰ ਚੁੱਕੀ ਕਾਂਗਰਸ ਪਾਰਟੀ ਦਾ ਸਿਖਰਲਾ ਰਾਜਸੀ ਆਗੂ ਰਾਜਨੀਤੀ ਦੀ ਪਿੱਚ ਤੋਂ ਕ੍ਰਿਕਟ ਦੇ ਕਿਸੇ ਖਿਡਾਰੀ ਦੇ 'ਐੱਲ ਬੀ ਡਬਲਿਊ' ਹੋਣ ਵਾਂਗ ਆਪਣੇ ਆਪ ਲਾਂਭੇ ਹੋਣ ਵਾਲੇ ਹਾਲਾਤ ਵਿੱਚ ਫਸ ਕੇ ਆਊਟ ਹੁੰਦਾ ਪਿਆ ਜਾਪਣ ਲੱਗਾ ਹੈ, ਦੂਸਰੇ ਪਾਸੇ ਇੱਕ ਨਵੇਂ ਉੱਠੇ ਗਰਮ-ਦਲੀ ਸਿੱਖ ਲੀਡਰ ਅੰਮ੍ਰਿਤਪਾਲ ਸਿੰਘ ਦੇ ਵਿਹਾਰ ਨੇ ਪੰਜਾਬ ਦੀ ਰਾਜਨੀਤੀ ਅਤੇ ਖਾਸ ਤੌਰ ਉੱਤੇ ਸਿੱਖ ਰਾਜਨੀਤੀ ਨੂੰ ਇਸ ਤਰ੍ਹਾਂ ਉਲਝਾ ਦਿੱਤਾ ਕਿ ਉਸ ਦੇ ਪੱਖ ਜਾਂ ਵਿਰੋਧ ਦਾ ਕੋਈ ਰਾਹ ਚੁਣਨਾ ਵੱਡੇ ਚਿਹਰਿਆਂ ਲਈ ਵੀ ਸੁਖਾਵਾਂ ਨਹੀਂ ਰਿਹਾ। ਤੀਸਰੇ ਪਾਸੇ ਤੱਤੀ ਸੋਚ ਵਾਲੇ ਕੁਝ ਕੁ ਲੋਕਾਂ ਦੀ ਵਿਦੇਸ਼ਾਂ ਵਿੱਚ ਭਾਰਤ-ਵਿਰੋਧੀ ਸਰਗਰਮੀ ਪਿੱਛੋਂ ਨਰਿੰਦਰ ਮੋਦੀ ਸਰਕਾਰ ਨੇ ਉਨ੍ਹਾਂ ਦੇਸ਼ ਅੱਗੇ ਰੋਸ ਕਰਨ ਦੀ ਥਾਂ ਏਦਾਂ ਦਾ ਸਖਤ ਰੁਖ ਵਿਖਾਇਆ ਹੈ, ਜਿਸ ਦੀ ਉਨ੍ਹਾਂ ਨੇ ਪਹਿਲਾਂ ਕਦੀ ਕਲਪਨਾ ਨਹੀਂ ਸੀ ਕੀਤੀ।

ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਅਸੀਂ ਬਹੁਤਾ ਕੁਝ ਇਸ ਲਈ ਨਹੀਂ ਕਹਿਣਾ ਚਾਹੁੰਦੇ ਕਿ ਪੁਲਸ ਨਾਕੇ ਉੱਤੋਂ ਬਚ ਜਾਣ ਪਿੱਛੋਂ ਜਿਹੜਾ ਵਿਹਾਰ ਉਸ ਨੇ ਕੀਤਾ ਹੈ, ਉਸ ਨੇ ਉਸ ਦੀ ਆਪਣੀ ਤੇ ਉਸ ਨਾਲ ਜੁੜੀ ਹੋਈ ਟੀਮ ਦੀ ਸਾਖ ਪ੍ਰਭਾਵਤ ਹੋਣ ਦੀ ਚਰਚਾ ਛੇੜ ਦਿੱਤੀ ਹੈ। ਉਸ ਦੀ ਉਠਾਣ ਦੌਰਾਨ ਬਹੁਤੀਆਂ ਨਜ਼ਰਾਂ ਸਿੱਖਾਂ ਦੀ ਸਰਬ ਉੱਚ ਗਿਣੀ ਜਾਣ ਵਾਲੀ ਹਸਤੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲ ਉੱਠਦੀਆਂ ਸਨ ਕਿ ਇਸ ਵਰਤਾਰੇ ਬਾਰੇ ਇਤਹਾਸ ਜਾਂ ਰਿਵਾਇਤ ਦੇ ਪੱਖੋਂ ਕੋਈ ਸੇਧ ਦੇਣ ਵਾਲਾ ਫੈਸਲਾ ਕਰਨਗੇ, ਪਰ ਜਲੰਧਰ ਦੇ ਗੁਰਦੁਆਰਾ ਮਾਡਲ ਟਾਊਨ ਵਾਲੀ ਘਟਨਾ ਤੋਂ ਅਜਨਾਲਾ ਥਾਣੇ ਵਾਲੀ ਘਟਨਾ ਤੱਕ ਬਾਰੇ ਜਥੇਦਾਰ ਸਾਹਿਬ ਮੌਕਾ ਹੀ ਟਾਲਦੇ ਰਹੇ। ਇਸ ਦੇ ਬਾਅਦ ਜੋ ਕੁਝ ਵਾਪਰਿਆ, ਉਸ ਨਾਲ ਸਿੱਖਾਂ ਵਿੱਚ ਫਿਰ ਦੁਬਿਧਾ ਫੈਲੀ, ਪਰ ਜਥੇਦਾਰ ਸਾਹਿਬ ਏਹੋ ਜਿਹੇ ਬਿਆਨ ਦੇ ਕੇ ਸਮੇਂ ਨੂੰ ਧੱਕਾ ਦੇਣ ਲੱਗੇ ਰਹੇ, ਜਿਨ੍ਹਾਂ ਦਾ ਕੋਈ ਅਰਥ ਨਹੀਂ ਸੀ। ਸਿੱਖ ਭਾਈਚਾਰੇ ਦਾ ਇੱਕ ਤੱਤੇ ਸੁਭਾਅ ਵਾਲਾ ਹਿੱਸਾ ਜਦੋਂ ਇਸ ਮੌਕੇ ਅੰਮ੍ਰਿਤਪਾਲ ਸਿੰਘ ਦੇ ਨਾਲ ਖੜੋਣ ਦੇ ਐਲਾਨ ਕਰਨ ਅਤੇ ਸੜਕਾਂ ਰੋਕਣ ਦੀਆਂ ਗੱਲਾਂ ਕਰ ਰਿਹਾ ਸੀ, ਇਸੇ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਇਸ ਵਰਤਾਰੇ ਨੂੰ ਸਿੱਖੀ ਰਿਵਾਇਤ ਦੇ ਪੱਖ ਤੋਂ ਠੀਕ ਨਹੀਂ ਸੀ ਮੰਨ ਰਿਹਾ। ਜਥੇਦਾਰ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਸਿੰਘ ਸਾਹਿਬਾਨ ਜਾਂ ਉਨ੍ਹਾਂ ਦੀਆਂ ਨਿਯੁਕਤੀਆਂ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮੌਕੇ ਵੀ ਪੂਰੀ ਤਰ੍ਹਾਂ ਉਦਾਸੀਨ ਜਿਹੇ ਹੋ ਕੇ ਖਬਰਾਂ ਪੜ੍ਹਦੇ ਅਤੇ ਵਕਤ ਵਿਚਾਰਦੇ ਬੈਠੇ ਰਹੇ। ਉਨ੍ਹਾਂ ਨੂੰ ਕੋਈ ਫੈਸਲਾ ਲੈਣਾ ਚਾਹੀਦਾ ਸੀ, ਪਰ ਉਹ ਅਜੇ ਤੱਕ ਹਰਿਆਣੇ ਦੀ ਵੱਖਰੀ ਗੁਰਦੁਆਰਾ ਕਮੇਟੀ ਵਿਰੁੱਧ ਕਾਨੂੰਨੀ ਲੜਾਈ ਹਾਰ ਜਾਣ ਦੇ ਦੁੱਖ ਵਿੱਚੋਂ ਹੀ ਨਹੀਂ ਸਨ ਨਿਕਲ ਸਕੇ ਤੇ ਹਾਲਾਤ ਦੇ ਉਸ ਵਗਦੇ ਵਹਿਣ ਵੱਲ ਅੱਖ ਨਹੀਂ ਸਨ ਚੁੱਕ ਸਕੇ, ਜਿਸ ਵਿੱਚ ਕਮਾਂਡ ਫਿਰ ਕੇਂਦਰੀ ਏਜੰਸੀਆਂ ਅਤੇ ਉਨ੍ਹਾਂ ਪਿੱਛੇ ਬੈਠੀ ਕੇਂਦਰ ਸਰਕਾਰ ਦੇ ਹੱਥ ਆਉਂਦੀ ਗਈ ਸੀ। ਨਵੀਂ ਸਥਿਤੀ ਵਿੱਚ ਪੰਜਾਬ ਸਰਕਾਰ ਤੇ ਇਸ ਦੀ ਪੁਲਸ ਕੋਲ ਬਹੁਤਾ ਕੁਝ ਕਰਨ ਲਈ ਨਹੀਂ ਸੀ ਬਚਿਆ, ਅੰਮ੍ਰਿਤਪਾਲ ਸਿੰਘ ਦੇ ਮੁੱਦੇ ਨਾਲ ਕੇਂਦਰੀ ਏਜੰਸੀਆਂ ਨੂੰ ਹਰ ਕਿਸੇ ਗੱਲ ਬਾਰੇ ਪੰਜਾਬ ਵਿੱਚ ਆਪਣੀ ਮਰਜ਼ੀ ਮੁਤਾਬਕ ਚੱਲਣ ਦਾ ਰਾਹ ਮਿਲਦਾ ਗਿਆ ਸੀ।

ਇਸ ਦੌਰਾਨ ਵਿਦੇਸ਼ਾਂ ਵਿੱਚ ਕੀਤੇ ਗਏ ਰੋਸ ਪ੍ਰਦਰਸ਼ਨਾਂ ਵਿੱਚੋਂ ਕੁਝ ਥਾਂਈਂ ਹੱਦਾਂ ਟੱਪਣ ਦੀਆਂ ਖਬਰਾਂ ਵੀ ਮਿਲਣ ਲੱਗ ਪਈਆਂ। ਖਾਸ ਕਰ ਕੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਅਤੇ ਸਾਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਵਾਲੇ ਹਾਲਾਤ ਤੋਂ ਭਾਰਤ ਸਰਕਾਰ ਓਥੋਂ ਦੀਆਂ ਸਰਕਾਰਾਂ ਨਾਲ ਪਹਿਲੀ ਵਾਰੀ ਕੌੜ ਨਾਲ ਗੱਲ ਕਰਨ ਲੱਗੀ। ਬ੍ਰਿਟੇਨ ਸਰਕਾਰ ਨੇ ਪਹਿਲੇ ਦਿਨ ਭਾਰਤ ਸਰਕਾਰ ਵੱਲੋਂ ਕੀਤੇ ਗਏ ਰੋਸ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਸੀ ਲਿਆ ਜਾਪਦਾ, ਪਰ ਉਸ ਪਿੱਛੋਂ ਜਦ ਭਾਰਤ ਸਰਕਾਰ ਨੇ ਦਿੱਲੀ ਵਿੱਚ ਬ੍ਰਿਟੇਨ ਦੇ ਹਾਈ ਕਮਿਸ਼ਨ ਤੇ ਹਾਈ ਕਮਿਸ਼ਨਰ ਦੀ ਰਿਹਾਇਸ਼ ਮੂਹਰੇ ਲੱਗੀ ਹੋਈ ਸੁਰੱਖਿਆ ਹਟਾਉਣ ਜਾਂ ਘਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਤਾਂ ਇਸ ਦਾ ਅਸਰ ਦਿੱਸਣ ਲੱਗ ਪਿਆ। ਲੰਡਨ ਵਿੱਚ ਅਗਲੇਰੇ ਦਿਨ ਹੋਏ ਮੁਜ਼ਾਹਰੇ ਵਿਰੁੱਧ ਓਥੋਂ ਦੀ ਪੁਲਸ ਪੂਰੀ ਸਖਤੀ ਨਾਲ ਪੇਸ਼ ਆਈ ਅਤੇ ਪਹਿਲੇ ਪ੍ਰਦਰਸ਼ਨ ਦੇ ਵਕਤ ਹਾਈ ਕਮਿਸ਼ਨ ਦੀ ਬਿਲਡਿੰਗ ਤੋਂ ਭਾਰਤੀ ਝੰਡਾ ਲਾਹੁਣ ਵਾਲੇ ਬੰਦੇ ਵਿਰੁੱਧ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਏਸੇ ਤਰ੍ਹਾਂ ਦੀ ਸਖਤੀ ਨਾਲ ਭਾਰਤ ਨੇ ਅਮਰੀਕਾ ਨੂੰ ਵੀ ਇਸ ਮਾਮਲੇ ਵਿੱਚ ਆਪਣਾ ਸੰਦੇਸ਼ ਭੇਜਿਆ ਤਾਂ ਇਸ ਕਾਰਨ ਸੰਸਾਰ ਭਰ ਵਿੱਚ ਸਿਰਫ ਇਨ੍ਹਾਂ ਘਟਨਾਵਾਂ ਦਾ ਰੋਸ ਨਹੀਂ, ਭਾਰਤ ਸਰਕਾਰ ਦੀ ਨਵੀਂ ਪਹੁੰਚ ਦਾ ਸੰਦੇਸ਼ ਵੀ ਪਹੁੰਚ ਗਿਆ।

ਦੂਸਰਾ ਮਸਲਾ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਵਿਰੁੱਧ ਅਦਾਲਤ ਦੇ ਸਖਤ ਹੁਕਮ ਦਾ ਅਤੇ ਉਸ ਹੁਕਮ ਪਿੱਛੋਂ ਝਟਾਪਟ ਉਸ ਦੀ ਪਾਰਲੀਮੈਂਟ ਮੈਂਬਰੀ ਰੱਦ ਕਰਨ ਦੀ ਕਾਰਵਾਈ ਕੀਤੇ ਜਾਣ ਦਾ ਸੀ। ਰਿਵਾਇਤ ਪੱਖੋਂ ਇਹ ਸਮਝਣ ਦੀ ਭੁੱਲ ਕਈ ਵੱਡੇ ਆਗੂ ਕਰ ਗਏ ਕਿ ਨਰਿੰਦਰ ਮੋਦੀ ਸਰਕਾਰ ਹੋਰ ਜੋ ਵੀ ਕਰੀ ਜਾਵੇ, ਰਾਹੁਲ ਗਾਂਧੀ ਵਿਰੁੱਧ ਪਾਰਲੀਮੈਂਟ ਦੀ ਮੈਂਬਰੀ ਖਤਮ ਕਰਨ ਵਰਗੇ ਕਦਮ ਦੀ ਕਾਹਲੀ ਨਹੀਂ ਕਰੇਗੀ। ਉਨ੍ਹਾਂ ਨੇ ਇਹ ਨਹੀਂ ਵੇਖਿਆ ਕਿ ਜਦੋਂ ਕਾਨੂੰਨ ਇਸ ਤਰ੍ਹਾਂ ਕਰਨ ਤੋਂ ਨਹੀਂ ਰੋਕਦਾ ਤਾਂ ਨਰਿੰਦਰ ਮੋਦੀ ਸਰਕਾਰ ਫਸੇ ਹੋਏ ਸ਼ਰੀਕ ਰਾਹੁਲ ਗਾਂਧੀ ਦਾ ਲਿਹਾਜ਼ ਕਿਉਂ ਕਰੇਗੀ! ਅਸਲ ਵਿੱਚ ਇਸ ਕਾਰਵਾਈ ਦਾ ਕਾਨੂੰਨੀ ਰਾਹ ਵੀ ਰਾਹੁਲ ਗਾਂਧੀ ਦੀ ਕੱਚ-ਘਰੜ ਹਰਕਤ ਤੋਂ ਨਿਕਲਿਆ ਸੀ। ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਪਾਸ ਕੀਤਾ ਇੱਕ ਬਿੱਲ ਭਰੀ ਪ੍ਰੈੱਸ ਕਾਨਫਰੰਸ ਦੇ ਦੌਰਾਨ ਕਾਂਗਰਸ ਦੇ ਇੱਕ ਕੇਂਦਰੀ ਆਗੂ ਤੋਂ ਖੋਹ ਕੇ ਰਾਹੁਲ ਗਾਂਧੀ ਨੇ ਜਦੋਂ ਪਾੜਿਆ ਸੀ ਤਾਂ ਉਸ ਨੂੰ ਇਹ ਨਹੀਂ ਸੀ ਪਤਾ ਕਿ ਏਦਾਂ ਕਰਨ ਦਾ ਖਮਿਆਜ਼ਾ ਕਿਸੇ ਦਿਨ ਖੁਦ ਉਸ ਨੂੰ ਕਾਨੂੰਨੀ ਰੂਪ ਵਿੱਚ ਭੁਗਤਣਾ ਪਵੇਗਾ। ਸਤੰਬਰ 2013 ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਾਂਝੀ ਸਰਕਾਰ ਨੇ ਜਿਹੜਾ ਆਰਡੀਨੈਂਸ ਲਿਆਂਦਾ ਤੇ ਜਿਹੜਾ ਉਸ ਦਿਨ ਰਾਹੁਲ ਗਾਂਧੀ ਨੇ ਪਾੜਿਆ ਸੀ, ਉਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਜਿਸ ਵੀ ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਨੂੰ ਦੋ ਸਾਲ ਜਾਂ ਇਸ ਤੋਂ ਵੱਧ ਸਜ਼ਾ ਹੋ ਜਾਵੇ, ਉਸ ਦੀ ਮੈਂਬਰੀ ਖੜੇ ਪੈਰ ਖਤਮ ਹੋ ਜਾਣੀ ਚਾਹੀਦੀ ਹੈ। ਮਨਮੋਹਨ ਸਿੰਘ ਸਰਕਾਰ ਨੇ ਇਸ ਫੈਸਲੇ ਦਾ ਅਸਰ ਰੋਕਣ ਲਈ ਆਰਡੀਨੈਂਸ ਲਿਆਂਦਾ ਸੀ। ਜੇ ਉਸ ਦਿਨ ਰਾਹੁਲ ਗਾਂਧੀ ਨੇ ਉਹ ਕਾਗਜ਼ ਪਾੜਿਆ ਨਾ ਹੁੰਦਾ ਤਾਂ ਖੜੇ ਪੈਰ ਪਾਰਲੀਮੈਂਟ ਮੈਂਬਰੀ ਖਤਮ ਕਰ ਦੇਣ ਦਾ ਕੁਹਾੜਾ ਖੁਦ ਉਸ ਦੇ ਖਿਲਾਫ ਚਲਾਉਣ ਵਾਸਤੇ ਨਰਿੰਦਰ ਮੋਦੀ ਸਰਕਾਰ ਕੁਝ ਨਹੀਂ ਸੀ ਕਰ ਸਕਦੀ। ਇਹ ਕਹਿਣਾ ਔਖਾ ਹੈ ਕਿ ਓਦੋਂ ਰਾਹੁਲ ਗਾਂਧੀ ਨੇ ਇਹ ਕਦਮ ਸੋਚ ਕੇ ਚੁੱਕਿਆ ਹੋਵੇਗਾ, ਖੁਦ ਕੁਝ ਸੋਚਣ ਜੋਗਾ ਤਾਂ ਉਹ ਅੱਜ ਤੱਕ ਨਹੀਂ ਹੋ ਸਕਿਆ, ਉਸ ਨਾਲ ਜੁੜੀ ਹੋਈ ਟੀਮ ਜਿਹੜੀ ਗੱਲ ਕਹਿਣ ਦਾ ਇਸ਼ਾਰਾ ਕਰ ਦੇਂਦੀ ਹੈ, ਉਹ ਰਾਹੁਲ ਗਾਂਧੀ ਕਹਿਣ ਲੱਗ ਪੈਂਦਾ ਹੈ। ਓਦੋਂ ਵੀ ਇਹ ਸਾਰਾ ਡਰਾਮਾ ਉਸ ਟੀਮ ਨੇ ਉਸ ਕੋਲੋਂ ਕਰਵਾਇਆ ਸੀ, ਤਾਂ ਕਿ ਰਾਹੁਲ ਗਾਂਧੀ ਨੂੰ ਅਪਰਾਧੀਕਰਨ ਦੀ ਰਾਜਨੀਤੀ ਦਾ ਵਿਰੋਧੀ ਦੱਸਿਆ ਜਾ ਸਕੇ।

ਆਪਣੇ ਬਾਪ ਰਾਜੀਵ ਗਾਂਧੀ ਦੇ ਵਕਤ ਵਾਲੇ ਵੇਲਾ ਵਿਹਾਅ ਚੁੱਕੇ ਜਿਹੜੇ ਚਾਪਲੂਸਾਂ ਦੀ ਟੀਮ ਰਾਹੁਲ ਗਾਂਧੀ ਹਾਲੇ ਵੀ ਆਪਣੇ ਨਾਲ ਜੋੜੀ ਫਿਰਦਾ ਹੈ, ਉਹ ਨਵੇਂ ਹਾਲਾਤ ਵਿੱਚ ਨਵੀਂ ਗੱਲ ਫੌਰੀ ਤੌਰ ਉੱਤੇ ਸੋਚਣ ਜੋਗੇ ਹੀ ਨਹੀਂ। ਰਾਹੁਲ ਗਾਂਧੀ ਦੇ ਖਿਲਾਫ ਜਦੋਂ ਗੁਜਰਾਤ ਦੇ ਸੂਰਤ ਸ਼ਹਿਰ ਦੀ ਅਦਾਲਤ ਨੇ ਦੋ ਸਾਲ ਦੀ ਸਜ਼ਾ ਦਾ ਫੈਸਲਾ ਸੁਣਾਇਆ, ਕਾਂਗਰਸ ਦੀ ਕਾਨੂੰਨੀ ਟੀਮ ਨੂੰ ਓਦੋਂ ਪਹਿਲਾਂ ਹੀ ਇਹ ਗੱਲ ਸੋਚਣੀ ਬਣਦੀ ਸੀ ਕਿ ਇਸ ਫੈਸਲੇ ਦਾ ਉਸ ਦੀ ਪਾਰਲੀਮੈਂਟ ਮੈਂਬਰੀ ਉੱਤੇ ਕੀ ਅਸਰ ਪੈ ਸਕਦਾ ਹੈ। ਪਹਿਲਾਂ ਸੋਚਣੀ ਕਿਧਰੇ ਰਹੀ, ਉਸ ਦੀ ਟੀਮ ਫੈਸਲਾ ਐਲਾਨੇ ਜਾਣ ਤੋਂ ਇੱਕ ਦਿਨ ਪਿੱਛੋਂ ਤੱਕ ਵੀ ਇਸ ਕਾਨੂੰਨੀ ਪੱਖ ਨੂੰ ਨਹੀਂ ਸੀ ਪੜ੍ਹ ਸਕੀ ਕਿ ਸੁਪਰੀਮ ਕੋਰਟ ਦੇ ਉਸ ਪੁਰਾਣੇ ਹੁਕਮਾਂ ਕਾਰਨ ਅਦਾਲਤ ਤੋਂ ਸਜ਼ਾ ਮਿਲਣ ਦੇ ਵਕਤ ਹੀ ਪਾਰਲੀਮੈਂਟ ਮੈਂਬਰੀ ਵੀ ਖਤਰੇ ਵਿੱਚ ਪੈ ਜਾਂਦੀ ਹੈ। ਕੋਈ ਹੋਰ ਸਰਕਾਰ ਭਾਰਤ ਵਿੱਚ ਹੁੰਦੀ ਤਾਂ ਲਿਹਾਜ਼ ਦੀ ਰਿਵਾਇਤ ਪਾਲਣ ਦਾ ਬਹਾਨਾ ਬਣਾ ਕੇ ਕਾਂਗਰਸ ਪਾਰਟੀ ਨੂੰ ਆਪਣੇ ਅਹਿਸਾਨ ਹੇਠ ਦੱਬਣ ਵਾਲਾ ਕੋਈ ਰਾਹ ਚੁਣ ਸਕਦੀ ਸੀ, ਪਰ ਨਰਿੰਦਰ ਮੋਦੀ ਕੋਲੋਂ ਕਾਂਗਰਸ ਪਾਰਟੀ ਇਹੋ ਜਿਹੀ ਆਸ ਨਹੀਂ ਕਰ ਸਕਦੀ। ਇਸ ਕਰ ਕੇ ਉਸ ਦੀ ਹਾਈ ਕਮਾਂਡ ਨੂੰ ਤੇਜ਼ੀ ਨਾਲ ਵਗਣਾ ਚਾਹੀਦਾ ਸੀ, ਪਰ ਤੇਜ਼ੀ ਨਾਲ ਉਹ ਨਹੀਂ ਵਗੇ ਅਤੇ ਨਰਿੰਦਰ ਮੋਦੀ ਟੀਮ ਤੇਜ਼ੀ ਵਿਖਾ ਗਈ, ਜਿਸ ਨਾਲ ਅਮੇਠੀ ਦਾ ਜੱਦੀ ਹਲਕਾ ਹਾਰਨ ਪਿੱਛੋਂ ਕੇਰਲਾ ਦੇ ਵਾਇਨਾਡ ਵਾਲੀ ਠਾਹਰ ਉੱਤੇ ਪਹੁੰਚ ਚੁੱਕਾ ਰਾਹੁਲ ਗਾਂਧੀ ਅੱਜ 'ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ' ਵਾਲੀ ਹਾਲਾਤ ਵਿੱਚ ਫਸਿਆ ਪਿਆ ਹੈ।

ਗੱਲ ਸਿਰਫ ਏਥੋਂ ਤੱਕ ਸੀਮਤ ਨਹੀਂ ਰਹਿਣ ਵਾਲੀ। ਅੰਮ੍ਰਿਤਪਾਲ ਸਿੰਘ ਦੇ ਮੁੱਦੇ ਕਾਰਨ ਬ੍ਰਿਟਿਸ਼ ਅਤੇ ਅਮਰੀਕੀ ਸਰਕਾਰਾਂ ਨੂੰ ਨਰਿੰਦਰ ਮੋਦੀ ਸਰਕਾਰ ਨੇ ਜਿਸ ਤਰ੍ਹਾਂ ਦਾ ਸੰਕੇਤ ਦਿੱਤਾ ਹੈ, ਉਸ ਦਾ ਅਸਰ ਭਵਿੱਖ ਦੀ ਸੰਸਾਰ ਪੱਧਰ ਦੀ ਰਾਜਨੀਤੀ, ਜਿਸ ਨੂੰ ਕੂਟਨੀਤੀ ਕਿਹਾ ਜਾਂਦਾ ਹੈ, ਉੱਤੇ ਵੀ ਦਿਖਾਈ ਦੇਣ ਲੱਗ ਜਾਵੇਗਾ। ਆਸਟਰੇਲੀਆ ਵਿੱਚ ਭਾਰਤ ਦੇ ਕੁਝ ਸਰਕਾਰੀ ਦਫਤਰਾਂ ਵਿਰੁੱਧ ਕੁਝ ਲੋਕਾਂ ਨੇ ਹੱਦਾਂ ਤੋੜਦੀ ਸਰਗਰਮੀ ਕੀਤੀ ਸੀ ਤਾਂ ਉਸ ਪਿੱਛੋਂ ਭਾਰਤ ਆਏ ਓਥੋਂ ਦੇ ਪ੍ਰਧਾਨ ਮੰਤਰੀ ਨੂੰ ਵੀ ਭਾਰਤ ਦੇ ਪ੍ਰਧਾਨ ਮੰਤਰੀ ਨੇ ਇਸ ਬਾਰੇ ਆਪਣੀ ਸਰਕਾਰ ਦਾ ਰੁਖ ਏਦਾਂ ਦੱਸਿਆ ਸੀ ਕਿ ਉਸ ਨੇ ਖੜੇ ਪੈਰ ਆਪਣੇ ਦੇਸ਼ ਵਿੱਚ ਏਦਾਂ ਦੀਆਂ ਹਰਕਤਾਂ ਵਿਰੁੱਧ ਸਖਤੀ ਦਾ ਐਲਾਨ ਕਰ ਦਿੱਤਾ ਸੀ। ਭਾਰਤ ਏਸੇ ਸਖਤੀ ਦਾ ਸੰਕੇਤ ਬਾਕੀ ਦੇਸ਼ਾਂ ਨੂੰ ਵੀ ਦੇਣ ਲੱਗ ਪਿਆ ਹੈ ਤੇ ਪਿਛਲੇ ਹਫਤਿਆਂ ਵਿੱਚ ਪਾਕਿਸਤਾਨ ਦੀ ਭਾਰਤ ਵਿਰੋਧੀ ਸਰਗਰਮੀ ਨੂੰ ਸ਼ਹਿ ਦੇਣ ਦੀ ਨੀਤੀ ਵਿਰੁੱਧ ਵੀ ਕੁਝ ਦੇਸ਼ ਬੋਲਣ ਲੱਗੇ ਹਨ। ਗੁਜਰਾਤ ਦੇ ਮੁੱਖ ਮੰਤਰੀ ਹੋਣ ਵੇਲੇ ਨਰਿੰਦਰ ਮੋਦੀ ਦੇ ਸਖਤ ਰੁਖ ਦੀ ਭਾਰਤ ਦੀ ਕੌਮੀ ਰਾਜਨੀਤੀ ਵਿੱਚ ਆਲੋਚਨਾ ਹੋ ਰਹੀ ਸੀ, ਅੱਜ ਭਾਰਤ ਸਰਕਾਰ ਦੇ ਅਗਵਾਨੂੰ ਵਜੋਂ ਉਸ ਦੇ ਓਸੇ ਰੁਖ ਨੂੰ ਭਾਰਤ ਦੀ ਕੌਮੀ ਸ਼ਕਤੀ ਕਿਹਾ ਜਾ ਰਿਹਾ ਹੈ। ਹਾਲਾਤ ਵਿਚਲਾ ਇਹ ਮੋੜ ਭਾਰਤ ਦੇਸ਼ ਨੂੰ ਅਗਲੇ ਦਿਨਾਂ ਵਿੱਚ ਕਿਸੇ ਪਾਸੇ ਲੈ ਜਾਂਦਾ ਹੈ, ਇਹ ਕਹਿਣਾ ਤਾਂ ਹਾਲ ਦੀ ਘੜੀ ਔਖਾ ਹੈ, ਪਰ ਮਾਰਚ ਦਾ ਉੱਨੀ ਤੋਂ ਪੰਝੀ ਤਰੀਕ ਵਾਲਾ ਇੱਕ ਹਫਤਾ ਇਸ ਦੀ ਰਾਜਨੀਤੀ ਅਤੇ ਕੂਟਨੀਤੀ ਦੋਵਾਂ ਲਈ ਨਵੇਂ ਮੋੜ ਦੀ ਸਾਰੀ ਝਲਕ ਦੇ ਗਿਆ ਹੈ।

ਅੰਗਰੇਜ਼ੀ ਹਕੂਮਤ ਵੇਲੇ ਮੀਡੀਆ ਵਿੱਚ ਭਗਤ ਸਿੰਘ ਦੀ ਮਕਬੂਲੀਅਤ ਸਿਖਰਾਂ 'ਤੇ ਸੀ

ਪ੍ਰੋ. ਚਮਨ ਲਾਲ

ਪੇਸ਼ਕਸ਼ : ਗੁਰਨਾਮ ਕੰਵਰ

(ਪਿਛਲੇ ਐਤਵਾਰ ਤੋਂ ਅੱਗੇ)

ਭਗਤ ਸਿੰਘ ਗਾਂਧੀ ਨਾਲੋਂ ਅਸੂਲਾਂ ਦਾ ਵਧੇਰੇ ਪੱਕਾ ਸੀ ਅਤੇ ਉਹ ਅਸੂਲ ਸਨ, ਜੇ ਜਾਨ ਦੇਣੀ ਹੈ ਤਾਂ ਕਿਸੇ ਅਸੂਲ ਵਾਸਤੇ ਦੇਣੀ ਹੈ। ਸ਼ੌਕ ਨੂੰ ਨਹੀਂ ਮੈਂ ਜਾਨ ਦੇਣੀ। ਉਹਨੇ ਆਪਣੇ ਆਖਰੀ ਖ਼ਤ ਵਿਚ ਲਿਖਿਆ ਹੋਇਆ ਆਪਣੇ ਦੋਸਤਾਂ ਨੂੰ, 22 ਮਾਰਚ ਨੂੰ। ਇਹ ਨਹੀਂ ਕਿ ਮੈਂ ਆਪਣੀ ਜ਼ਿੰਦਗੀ ਨੂੰ ਪਿਆਰ ਨਹੀਂ ਕਰਦਾ। ਬਹੁਤ ਪਿਆਰ ਕਰਦਾ ਹਾਂ, ਪਰ ਜਿਸ ਵੇਲੇ ਅਸੂਲ ਸਾਹਮਣੇ ਹੋਣ, ਉਸ ਵੇਲੇ ਨਿੱਜੀ ਜਾਨਾਂ ਦੀ ਕੋਈ ਕੀਮ

26-March-Sunday.qxd 3/25/2023 9:54 PM Page 4

ਨਿਮਨ ਧਿਰਾਂ ਦਾ ਗਲਪੀ ਬਿਰਤਾਂਤ



ਕਿਤਾਬ ਦੀ

ਪਰਖ ਪੜਚੋਲ

ਡਾ. ਸੁਖਪਾਲ ਕੌਰ ਸਮਰਾਲਾ

ਮਨਮੱਤੀਆਂ

ਸੁਖਵੰਤ ਕੌਰ ਮਾਨ
ਪੰਨੇ-800, ਮੁੱਲ-795
ਚੇਤਨਾ ਪ੍ਰਕਾਸ਼ਨ, ਲੁਧਿਆਣਾ

'ਕਹਾਣੀ' ਸਾਹਿਤ ਦੀ ਉਹ ਵਿਧਾ ਹੈ, ਜਿਸ ਰਾਹੀਂ ਮਨੁੱਖੀ ਯਥਾਰਥ ਦੀਆਂ ਬਾਰੀਕ ਤੋਂ ਬਾਰੀਕ ਪਰਤਾਂ ਨੂੰ ਪਾਠਕਾਂ ਸਾਹਵੇਂ ਰੱਖਿਆ ਜਾਂਦਾ ਹੈ। ਇਕ ਕੁਸ਼ਲ ਕਥਾਕਾਰ ਗਲਪ ਤੇ ਯਥਾਰਥ ਦੇ ਸੁਮੇਲ ਨਾਲ ਮਨੁੱਖ ਦੇ ਬਾਹਰੀ ਤੇ ਅੰਦਰੂਨੀ ਅਵਚੇਤਨ ਦੀਆਂ ਪਰਤਾਂ ਪੇਸ਼ ਕਰਦਾ ਹੋਇਆ ਸ਼ਾਹਕਾਰ ਕਹਾਣੀਆਂ ਸਿਰਜ ਜਾਂਦਾ ਹੈ। ਸ਼ਾਹਕਾਰ ਕਹਾਣੀਆਂ ਦੀ ਸਿਰਜਣਾ ਕਰਨਾ ਹਾਰੀ-ਸਾਰੀ ਦਾ ਕੰਮ ਨਹੀਂ। ਕੁਸ਼ਲਤਾ ਨਾਲ ਗਲਪੀ ਬਿਰਤਾਂਤ ਨਾਲ ਯਥਾਰਥ ਦੀ ਸਿਰਜਣਾ ਐਵੇਂ ਨਹੀਂ ਹੋ ਜਾਂਦੀ, ਇਹਦੇ ਪਿੱਛੇ ਵਿਸ਼ਾਲ ਚਿੰਤਨ ਤੇ ਸਮਾਜਿਕ ਸੂਝ ਪਈ ਹੁੰਦੀ ਹੈ। ਜੇਕਰ ਧੁਰੋਂ ਮਿਲੀ ਗਲਪੀ ਕੁਸ਼ਲਤਾ ਹੋਵੇ ਤਾਂ ਫਿਰ ਸੋਨੇ ਤੇ ਸੁਹਾਗੇ ਦਾ ਕਾਰਜ ਹੁੰਦਾ ਹੈ। ਸੁਖਵੰਤ ਕੌਰ ਮਾਨ 'ਚ ਇਹ ਸਾਰੇ ਮੀਰੀ ਗੁਣ ਸਨ ਤਾਂ ਹੀ ਉਹ ਆਪਣੇ ਵਿਸ਼ਾਲ ਚਿੰਤਨ, ਸਮਾਜਿਕ ਸੂਝ ਅਤੇ ਧੁਰੋਂ ਮਿਲੀ ਗਲਪੀ ਕੁਸ਼ਲਤਾ ਕਾਰਨ ਅਨੇਕਾਂ ਸ਼ਾਹਕਾਰ ਕਹਾਣੀਆਂ ਲਿਖ ਸਕੀ ਹੈ। ਉਸ ਨੇ ਆਪਣੀ ਕਹਾਣੀ 'ਚ ਮਨੁੱਖੀ ਯਥਾਰਥ ਦੀਆਂ ਉਹ ਬਾਰੀਕ ਪਰਤਾਂ ਅਤੇ ਪਾਤਰਾਂ ਦੇ ਵਿਹਾਰ ਨੂੰ ਪੇਸ਼ ਕੀਤਾ ਹੈ, ਜਿਹੜਾ ਪੰਜਾਬੀ ਗਲਪ 'ਚ ਅਛੂਤਾ ਤੇ ਨਿਵੇਕਲਾ ਹੈ। ਨਿਰੋਏ ਤੇ ਨਿੱਗਰ ਯਥਾਰਥ ਕਾਰਨ ਹੀ ਉਹਦੀ ਕਹਾਣੀ ਦੀ ਅੱਜ ਗੱਲ ਹੋ ਰਹੀ ਹੈ, ਨਹੀਂ ਤਾਂ ਲੇਖਕ ਦੇ ਵਿਛੋੜੇ ਤੋਂ ਬਾਅਦ ਉਹਦੀ ਰਚਨਾ ਵੀ ਮਰ ਮੁੱਕ ਜਾਂਦੀ ਹੈ।

800 ਪੰਨਿਆਂ 'ਤੇ ਉਸ ਦੀਆਂ 77 ਕਹਾਣੀਆਂ ਫੈਲੀਆਂ ਹੋਈਆਂ ਹਨ। ਉਸ ਦੀ ਸਿਰਜਣਕਾਰੀ ਚਾਰ-ਪੰਜ ਦਹਾਕਿਆਂ 'ਚ ਫੈਲੀ ਹੋਈ ਹੈ। ਸੁਖਵੰਤ ਕੌਰ ਮਾਨ ਨੇ ਨਿਮਨ ਕਿਸਾਨੀ ਤੇ ਨਿਮਨ ਖੇਤ ਮਜ਼ਦੂਰਾਂ ਦੇ ਜਿਹੜੇ ਅਛੂਤੇ ਯਥਾਰਥ ਨੂੰ ਪੇਸ਼ ਕੀਤਾ ਹੈ। ਕੀਤਾ ਵੀ ਬੜੀ ਕੁਸ਼ਲਤਾ ਨਾਲ ਹੈ, ਜਿਸ ਕਾਰਨ ਉਹ ਪੰਜਾਬੀ ਦੀ ਸਿਰਕੱਢ ਕਥਾਕਾਰ ਦੇ ਤੌਰ 'ਤੇ ਉੱਭਰੀ ਹੈ, ਪਰ ਉਸ ਨੂੰ ਸਰਕਾਰੇ-ਦਰਬਾਰੇ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ। ਭਾਸ਼ਾ ਵਿਭਾਗ ਪੰਜਾਬ ਤੇ ਸਾਹਿਤ ਅਕਾਦਮੀ ਦਿੱਲੀ ਉਸ ਨੂੰ ਲਗਾਤਾਰ ਨਜ਼ਰ-ਅੰਦਾਜ਼ ਕਰਦੀ ਰਹੀ। ਇਸ ਤੋਂ ਵੱਡੀ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ। ਇਹ ਵੀ ਇਕ ਪ੍ਰਾਪਤੀ ਹੈ ਕਿ ਉਸ ਦੀ ਕਥਾਕਾਰੀ ਦੀ ਅੱਜ ਗੱਲ ਹੋ ਰਹੀ ਹੈ।

ਨਿਮਨ ਕਿਸਾਨੀ ਤੇ ਇਸ ਨਾਲ ਉੱਭਰਦੀਆਂ ਸਮੱਸਿਆਵਾਂ, ਦਲਿਤ ਔਰਤ ਦੀ ਸਮਾਜਿਕ ਸਥਿਤੀ, ਔਰਤ ਦੀ ਤ੍ਰਾਸਦੀ ਅਤੇ ਔਰਤ ਸ਼ਕਤੀ, ਸੰਤਾਲੀ ਦੇ ਆਰ-ਪਾਰ ਫੈਲੀ ਮਨੁੱਖੀ ਤ੍ਰਾਸਦੀ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਨ ਵਾਲੀ ਇਸ ਕਹਾਣੀਕਾਰਾ ਦੀ ਸਮੁੱਚੀ ਕਥਾਕਾਰੀ ਪੜ੍ਹਦਿਆਂ ਇਹ ਤਾਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹਦੇ ਕੋਲ ਵਿਸ਼ਾਲ ਸਮਾਜਿਕ ਸੂਝ ਤੇ ਧਰਾਤਲ ਦਾ ਸਮਾਜਿਕ ਯਥਾਰਥ ਦਾ ਭੋਗਿਆ/ਨੰਢਿਓਂ ਵੇਖਿਆ ਅਨੁਭਵ ਹੈ, ਜਿਹਦੇ ਕਰਕੇ ਉਹ ਸ਼ਾਹਕਾਰ ਕਥਾਕਾਰੀ ਕਰ ਸਕੀ ਹੈ।

ਆਪਣੇ ਅਨੁਭਵਾਂ ਸੰਬੰਧੀ ਸੁਖਵੰਤ ਕੌਰ ਮਾਨ ਨੇ ਇਕ ਮੁਲਾਕਾਤ 'ਚ ਇਹ ਮੰਨਿਆ ਵੀ ਹੈ ਕਿ ਉਹਦੇ ਅਨੁਭਵ ਬਹੁਤ ਨੇੜੇ ਦੇ ਹਨ। ਉਹ ਕਹਿੰਦੀ ਹੈ, "ਮੈਨੂੰ ਦੇਸ਼ ਵੰਡ ਨੇ ਬਹੁਤ ਹਲੂਣਿਆ। ਪਾਕਿਸਤਾਨੋਂ ਉੱਜੜ ਕੇ ਅਸੀਂ ਆਏ। ਮਾਸੜ, ਮਾਮਾ, ਫੁੱਫੜ ਸਾਰੇ ਮਾਰੇ ਗਏ। ਮੈਂ ਸੋਚਿਆ ਜੋ ਵੀ ਹੋਇਆ, ਗ਼ਲਤ ਹੋਇਆ। ਦੂਜੀ ਗੱਲ ਮੇਰਾ ਵੱਡਾ ਭਰਾ ਭਗਤ ਸਿੰਘ ਦਾ ਹਾਣੀ ਸੀ। ਭਗਤ ਸਿੰਘ ਦੀਆਂ ਗੱਲਾਂ ਘਰ ਸੁਣਦੇ ਸਾਂ... ਸਾਡੇ ਪਰਵਾਰ 'ਤੇ ਕਾਂਗਰਸ ਪਾਰਟੀ ਦਾ ਵੀ ਪ੍ਰਭਾਵ ਸੀ। ਸਾਡੇ ਪਿੰਡ ਕਾਨਫਰੰਸ ਹੋਈ ਸੀ, ਕਾਂਗਰਸੀਆਂ ਦੀ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਪੈਂਦੇ ਸਨ। ਇਹ ਨਾਹਰੇ ਮੇਰੇ ਅਚੇਤ ਮਨ 'ਤੇ ਇੰਝ ਪਏ, ਜਿਵੇਂ ਨਿੱਕੀ-ਨਿੱਕੀ ਮੀਂਹ ਦੀ ਕਣੀ ਸਰੀਰ 'ਤੇ ਪੈਂਦੀ ਹੈ। ਤੀਜੀ ਗੱਲ, ਮੈਂ ਇਕ ਕਿਸਾਨ ਦੀ ਧੀ ਹਾਂ, ਪਿੰਡ ਵਿਚ ਰਹੀ ਹਾਂ। ਪਾਕਿਸਤਾਨ ਵਿਚ ਵੀ ਸਾਡੀ ਖੁੱਲ੍ਹੀ ਜ਼ਮੀਨ ਸੀ, ਏਧਰ ਆ ਕੇ ਵੀ ਕਿਸਾਨੀ ਦੀ ਹਾਲਤ 'ਖੂਹ ਦੀ ਮਿੱਟੀ ਖੂਹ ਨੂੰ ਹੀ ਲੱਗ ਜਾਂਦੀ ਏ' ਵਰਗੀ ਸੀ। ਇਹ ਸਾਰੀਆਂ ਗੱਲਾਂ ਨੇ ਮੇਰੇ ਅਚੇਤ ਮਨ ਨੂੰ ਹਲੂਣਿਆ।" ਇਸੇ ਉਪਰੋਕਤ ਬਿਆਨ 'ਚ ਹੀ ਉਸ ਦੀਆਂ ਸਾਰੀਆਂ 77 ਕਹਾਣੀਆਂ ਦੀ ਸਿਰਜਣਾ ਲੁਕੀ ਹੋਈ ਹੈ। ਇਸੇ ਅਧਾਰ 'ਤੇ ਉਸ ਨੂੰ ਜ਼ਮੀਨ ਨਾਲ ਜੁੜੇ ਯਥਾਰਥ ਦੀ ਕਥਾਕਾਰ ਬੜੇ ਮਾਣ ਨਾਲ ਕਿਹਾ ਜਾ ਸਕਦਾ ਹੈ।

ਉਸ ਦੀ ਕਥਾਕਾਰੀ ਸਮਝਦਿਆਂ ਕੁਝ ਨੁਕਤੇ ਸਹਿਜੇ ਹੀ ਮਨ 'ਚ ਆ ਜਾਂਦੇ ਨੇ ਕਿ ਉਸ ਨੇ ਨਾਰੀ ਸੰਕਟ ਨੂੰ ਬਹੁ-ਅਰਥੀ ਰੂਪ 'ਚ ਪੇਸ਼ ਕੀਤਾ ਹੈ। ਉਹ ਆਪਣੇ ਪਾਤਰਾਂ ਨੂੰ ਪੇਤਲੇ ਰੂਪ 'ਚ ਪੇਸ਼ ਕਰਨ ਦੀ ਬਜਾਏ ਭਰਵੇਂ ਰੂਪ ਵਿਚ ਪੇਸ਼ ਕਰਦੀ ਹੈ। ਜਿਹਦੇ 'ਚ ਉਹਦਾ ਸਮਾਜਿਕ ਪਿਛੋਕੜ, ਉਹਦੇ ਅਵਚੇਤਨ ਮਨ ਦੀਆਂ ਗੰਢਾਂ, ਉਹਦੇ ਬਾਹਰੀ ਵਿਹਾਰ 'ਚ ਕਾਰਜਸ਼ੀਲ ਅੰਦਰੂਨੀ ਕੁੰਠਾਵਾਂ ਨੂੰ ਪੇਸ਼ ਕਰਨ ਵਾਲੀਆਂ ਬਿਰਤਾਂਤਕ ਜੁਗਤਾਂ।

ਮਾਨ ਦੀ ਕਹਾਣੀ ਦਾ ਪ੍ਰਮੁੱਖ ਪਹਿਲੂ ਕਿਸਾਨੀ ਧਿਰਾਂ ਹਨ। ਉਨ੍ਹਾਂ ਧਿਰਾਂ ਨਾਲ ਦਲਿਤ ਸ਼੍ਰੇਣੀ ਜੁੜੀ ਹੋਈ ਹੈ, ਜਿਸ ਦੀ ਰੋਟੀ-ਰੋਜ਼ੀ ਖੇਤਾਂ 'ਚ ਕੰਮ ਕਰਨ ਨਾਲ ਜੁੜੀ ਹੋਈ ਹੈ। ਇਨ੍ਹਾਂ ਦੋ ਧਿਰਾਂ ਦੀ ਸਾਂਝ ਅਤੇ ਵਖਰੇਵੇਂ ਨੂੰ ਸੁਖਵੰਤ ਕੌਰ ਮਾਨ ਨੇ ਬਾਖੂਬੀ ਨਾਲ ਚਿੱਤਰਿਆ ਹੈ। 1981 'ਚ ਛਪੇ ਪਹਿਲੇ ਕਹਾਣੀ ਸੰਗ੍ਰਹਿ 'ਭੱਖੜੇ ਦੇ ਫੁੱਲ' ਦੀ ਇਕ ਕਹਾਣੀ ਹੈ 'ਅੱਡਿਆ ਹੋਇਆ ਹੱਥ' ਜਿਹਦੇ 'ਚ ਉਸ ਨੇ ਕਿਸਾਨ ਤੇ ਸੀਰੀ ਦੇ ਮਸਲੇ ਨੂੰ ਕਈ ਪਰਤਾਂ 'ਚ ਨਿਵੇਕਲੇ ਢੰਗ-ਤਰੀਕੇ ਨਾਲ ਪੇਸ਼ ਕੀਤਾ ਹੈ। ਜੱਟ ਕਿਸਾਨ ਅਤੇ ਸੀਰੀ ਦੀ ਸਾਂਝ ਸਿਰਫ ਸਮਾਜਿਕ ਨਾ ਹੋ ਕੇ ਮਾਨਸਿਕ ਧਰਾਤਲ 'ਤੇ ਵੀ ਵਿਚਰਦੀ ਹੈ। ਜਿੱਥੇ ਸੀਰੀ ਨਾਲ ਭਰਾਵਾਂ ਵਰਗਾ ਰਿਸ਼ਤਾ ਨਿਭਾਇਆ ਤੇ ਹੰਢਾਇਆ ਵੀ ਜਾਂਦਾ ਹੈ। ਨਹੁੰ-ਮਾਸ ਦੇ ਵਾਂਗ ਜੁੜੇ ਇਸ ਰਿਸ਼ਤੇ ਵਿੱਚ ਦਰਦ ਅਤੇ ਤਕਲੀਫ਼ ਵੀ ਹੁੰਦੀ ਹੈ। ਕਹਾਣੀ ਵਿੱਚ ਬਿਰਤਾਂਤਕਾਰ ਵਜੋਂ ਉਹ ਆਪਣੇ ਪਿਤਾ ਅਤੇ ਉਹਨਾਂ ਦੇ ਸੀਰੀ ਨਾਲ ਰਿਸ਼ਤੇ ਨੂੰ ਬਾਖੂਬੀ ਚਿਤਰਦੀ ਹੈ, ਪਰ ਘਰ ਦੀ ਨਵੀਂ ਪੀੜ੍ਹੀ ਇਸ ਰਿਸ਼ਤੇ ਨੂੰ ਸਮਝਣ ਤੋਂ ਅਸਮਰੱਥ ਹੈ। ਉਹਨਾਂ ਲਈ ਪਿਤਾ ਨਾਲ ਲੰਮੇ ਸਮੇਂ ਤੋਂ ਸੀਰੀ ਰਲਿਆ ਮਾਘੀ ਮਹਿਜ਼ ਇਕ ਕਾਮਾ ਹੈ, ਜਿਹੜਾ ਕਿ ਕੰਮ ਕਰਨ ਲਈ ਹੈ। ਉਸ ਦੇ ਦੁੱਖ-ਸੁੱਖ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ ਹੈ। ਇਸ ਲਈ ਉਸ ਨੂੰ ਫ਼ਾਲਤੂ ਵਸਤੂ ਸਮਝ ਕੇ ਕੰਮ ਕਰਨੋਂ ਆਹਰੀ ਹੋਣ 'ਤੇ ਹਟਾ ਦਿੱਤਾ ਜਾਂਦਾ ਹੈ। ਪਿਤਾ ਲਈ ਇਹ ਸੱਟ ਜਰਨੀ ਔਖੀ ਹੈ। ਪੂੰਜੀਵਾਦ ਵਿਕਾਸ ਦੀ ਝੁੱਲ ਰਹੀ ਹਨੇਰੀ ਵਿੱਚ ਕਾਮਾ ਮਹਿਜ਼ ਇਕ ਫ਼ਾਲਤੂ ਵਸਤੂ ਬਣ ਕੇ ਰਹਿ ਜਾਂਦਾ ਹੈ, ਜਿਸ ਦਾ ਅੰਤ ਸਮੇਂ ਅੱਡਿਆ ਹੋਇਆ ਹੱਥ ਦੇਖ ਕੇ ਘਰ ਦੇ ਸਾਰੇ ਜੀਅ ਚੁੱਪ-ਚਾਪ ਉਸ ਕੋਲੋਂ ਖਿਸਕਦੇ ਹਨ। ਕਹਾਣੀ ਦਾ ਅੰਤ ਚਿਤਰਦਿਆਂ ਕਮਾਲ ਦਾ ਵਾਤਾਵਰਨ ਉਸਾਰਿਆ ਗਿਆ ਹੈ। ਜਿੱਥੇ ਸੁੱਕੇ ਪੱਤੇ ਹਵਾ ਨਾਲ ਦੂਰ ਜਾ ਡਿੱਗਦੇ ਹਨ ਅਤੇ ਅੰਨ੍ਹੇ ਹੋਏ ਮਾਘੀ ਦਾ ਅੱਡਿਆ ਹੱਥ ਪਿਤਾ ਨੂੰ ਅੰਦਰੋਂ-ਅੰਦਰੀ ਮਾਰ ਦਿੰਦਾ ਹੈ।

ਇਸ ਤੋਂ ਇਲਾਵਾਂ ਹੋਰ ਕਹਾਣੀਆਂ 'ਚ ਵੀ ਉਸ ਨੇ ਕਿਸਾਨ ਤੇ ਸੀਰੀ ਦੇ ਸਾਂਝੇ ਮਸਲਿਆਂ ਦਾ ਗਲਪੀਕਰਨ ਕੀਤਾ ਹੈ। ਉਸ ਦੀ ਕਹਾਣੀ ਦਾ ਇਕ ਪਾਤਰ ਮਾਘੀ ਹੈ, ਜੋ ਟਿਊਬਵੈੱਲ ਦਾ ਪੱਖਾਂ ਲਉਂਦਿਆਂ ਸੱਟ ਖਾ ਕੇ ਸਾਰੀ ਉਮਰ ਲਈ ਨਕਾਰਾ ਹੋ ਜਾਂਦਾ ਹੈ ਜਾਂ 'ਕੱਛੂਕੁੰਮਾ' ਕਹਾਣੀ ਦਾ ਧੰਮਾ ਪਾਤਰ ਹੈ, ਜੋ ਕਣਕ ਕੱਢਣ ਵਾਲੀ ਮਸ਼ੀਨ 'ਚ ਰੁੱਗ ਲਾਉਣ ਲੱਗਾ ਆਪਣੀਆਂ ਦੋਵੇਂ ਬਾਹਾਂ ਕਟਾ ਕੇ ਨਿਹੱਥਾ ਹੋ ਜਾਂਦਾ ਹੈ। ਸਾਰੇ ਵਿਰੋਧ ਦੇ ਬਾਵਜੂਦ ਜੱਟਾਂ ਦੀ ਧੀ ਧੰਮੇ ਦੀ ਧਿਰ ਬਣ ਕੇ ਅਨਿਆਂ ਖ਼ਿਲਾਫ਼ ਵਿਰੋਧ ਦਾ ਪ੍ਰਵਚਨ ਉਸਾਰਦੀ ਹੈ। ਕਹਾਣੀ 'ਚ ਉਸ ਨੇ ਅਗਲੀ ਪੀੜ੍ਹੀ ਨੂੰ ਵੀ ਉਭਾਰਿਆ ਹੈ, ਜਿਹੜੀ ਸੀਰੀਪੁਣੇ ਦਾ ਕੰਮ ਛੱਡ ਕੇ ਸੁਤੰਤਰ ਕਿੱਤਾ ਅਪਣਾ ਲੈਂਦੀ ਹੈ ਤੇ ਆਪਣੀ ਮਿਹਨਤ ਦਾ ਮੁੱਲ ਲੈਂਦੀ ਹੈ। ਉਨ੍ਹਾਂ ਕੋਲ ਧਨ ਆਉਣ ਨਾਲ ਵਿੱਦਿਆ ਆਉਣ ਲੱਗ ਪੈਂਦੀ ਹੈ। ਜਿਹੜੀ ਵਿੱਦਿਆ ਨਾਲ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਉੱਪਰ ਉੱਠਣਾ ਹੈ। ਕਹਾਣੀ ਉਦੋਂ ਵਿਰੋਧ ਦਾ ਪ੍ਰਵਚਨ ਉਸਾਰਦੀ ਹੈ, ਜਦੋਂ 'ਮੈਂ' ਪਾਤਰ ਧੰਮੇ ਦੇ ਟੁੰਡ 'ਤੇ ਸੌ ਰੁਪਏ ਰੱਖਣ ਲੱਗਦੀ ਹੈ। ਧੰਮੇ ਦਾ ਪੋਤਾ ਕਹਿੰਦਾ ਹੈ, "ਨਹੀਂ ਭੂਆ ਜੀ ਕੋਈ ਲੋੜ ਨਹੀਂ... ਤੁਹਾਡੇ ਕੰਮ ਆਉਣਗੇ।" ਅਜਿਹਾ ਬਿਰਤਾਂਤ ਸਿਰਜਦਿਆਂ ਮਾਨ ਦਲਿਤ ਸਮਾਜ ਦੇ ਯਥਾਰਥ ਨੂੰ ਵੱਖਰੀ ਦ੍ਰਿਸ਼ਟੀ ਨਾਲ ਉਸਾਰਦੀ ਹੈ। 'ਮੋਹ ਮਿੱਟੀ', 'ਅਣਹੋਏ', 'ਗਰਜ਼ਾਂ ਮਾਰੇ' ਇਸੇ ਰੰਗ ਦੀਆਂ ਕਹਾਣੀਆਂ ਹਨ।

ਇਹਦੇ ਨਾਲ ਹੀ ਉਸ ਨੇ ਕਿਸਾਨਾਂ ਦੇ ਖੇਤਾਂ ਤੇ ਘਰਾਂ 'ਚ ਕੰਮ ਕਰਨ ਵਾਲੀ ਦਲਿਤ ਔਰਤ ਦੀ ਵੇਦਨਾ ਤੇ ਸੰਵੇਦਨਾ ਨੂੰ ਵੀ ਬਾਖੂਬੀ ਪੇਸ਼ ਕੀਤਾ ਹੈ। 'ਅਣਹੋਏ', 'ਅੱਧੇ ਰਿੱਤੇ' ਤੇ 'ਚੋਰ' ਕਹਾਣੀਆਂ 'ਚ ਇਹ ਮਸਲੇ ਉੱਭਰਦੇ ਹਨ। ਇਸ ਮਸਲੇ ਨੂੰ ਅੱਗੇ ਤੋਰਦੀ ਉਹਦੀ ਕਹਾਣੀ 'ਚੋਰ' ਨੂੰ ਸਮਝਿਆ ਜਾ ਸਕਦਾ ਹੈ। ਕਹਾਣੀ ਦੀ ਦਲਿਤ ਔਰਤ ਕਣਕ ਦੇ ਦਾਣਿਆਂ ਦਾ ਪ੍ਰਬੰਧ ਕਰਨ ਲਈ ਤਪਦੀ ਦੁਪਹਿਰ ਨੂੰ ਨਿੱਕੀ ਕੁੜੀ ਨੂੰ ਚੁੱਕ ਕੇ ਵਾਢੀ ਕਰਦੀ ਹੈ। ਨਿੱਕੀਆਂ ਕੁੜੀਆਂ ਅਤਿ ਦੀ ਗਰਮੀ 'ਚ ਕੁਲਫ਼ੀ ਖਾਣ ਲਈ ਕਣਕ ਚੋਰੀ ਕਰਨ ਲਈ ਬੇਵੱਸ ਹਨ। ਕਹਾਣੀ 'ਚ ਮਨੋਵਿਗਿਆਨਕ ਮਾਨਵੀ ਛੋਹਾਂ ਰਾਹੀਂ ਉਨ੍ਹਾਂ ਦੀ ਮਨੋਦਸ਼ਾ ਨੂੰ ਉਭਾਰਿਆ ਗਿਆ ਹੈ।

ਸੰਤਾਲੀ ਦਾ ਦੁਖਾਂਤ ਵੀ ਉਸ ਦੀਆਂ ਕਹਾਣੀਆਂ 'ਚ ਭਰਵੇਂ ਰੂਪ 'ਚ ਪੇਸ਼ ਹੋਇਆ ਹੈ। 1947 ਦੀ ਵੰਡ ਨੇ ਜਿੱਥੇ ਲੋਕਾਂ ਨੂੰ ਘਰੋਂ-ਬੇਘਰ ਉਹਨਾ ਦੀ ਹੋਂਦ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ, ਉੱਥੇ ਹੀ ਲੋਕਾਂ ਅੰਦਰੋਂ ਸੰਵੇਦਨਾ ਵੀ ਖ਼ਤਮ ਕਰ ਦਿੱਤੀ, ਪਰ ਮਾਨ ਨੇ ਆਪਣੀਆਂ ਕਹਾਣੀਆਂ ਵਿੱਚ ਵੀ ਇਸ ਸੰਵੇਦਨਾ ਨੂੰ ਕਿਤੇ ਨਾ ਕਿਤੇ ਕਾਇਮ ਰੱਖੀ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਸਭ ਕੁਝ ਖ਼ਤਮ ਹੋਣ ਦੇ ਬਾਵਜੂਦ ਉਸ ਦੇ ਪਾਤਰਾਂ ਅੰਦਰ ਅਜੇ ਕਿਤੇ ਨਾ ਕਿਤੇ ਕਣ ਬਚਦਾ ਅਤੇ ਧੁਖਦਾ ਨਜ਼ਰ ਆਉਂਦਾ ਹੈ, ਜਿਹੜਾ ਕਿ ਸਮਾਂ ਆਉਣ 'ਤੇ ਰਿਸ਼ਤਿਆਂ ਨੂੰ, ਲੋਕਾਂ ਨੂੰ ਨਿੱਘ ਤੇ ਆਪਣੇਪਣ ਦਾ ਅਹਿਸਾਸ ਵੀ ਕਰਵਾਉਂਦਾ ਹੈ ਤੇ ਉਹਨਾਂ ਦੇ ਅੰਦਰ ਜੀਉਣ ਦੀ ਇੱਛਾ ਵੀ ਬਣਾਈ ਰੱਖਦਾ ਹੈ। 'ਚੱਟੂ', 'ਕਾਣਾ ਦਿਓ', 'ਸੱਪ ਤੇ ਸ਼ਹਿਰ', 'ਚਾਦਰ ਹੇਠਲਾ ਬੰਦਾ' ਵਰਗੀਆਂ ਕਹਾਣੀਆਂ ਇਸ ਮਸਲੇ ਦੀ ਸੰਵੇਦਨਾ ਨੂੰ ਫੜਦੀਆਂ ਹਨ। 'ਚੱਟੂ' ਉਜਾੜੇ ਉਪਰੰਤ ਇਕ ਉੱਜੜੇ ਘਰ 'ਚ ਵਸੇ ਪਰਵਾਰ ਦੀ ਲਾਚਾਰੀ ਦਾ ਬੜਾ ਮਾਰਮਿਕ ਬਿਰਤਾਂਤ ਪੇਸ਼ ਕਰਦੀ ਹੈ। ਉੱਜੜ ਕੇ ਵਸੇ ਇਸ ਪਰਵਾਰ ਨੇ ਆਪਣਾ ਮਾਲ ਅਸਬਾਬ ਸਭ ਛੱਡ ਨਵੀਂ ਜਗ੍ਹਾ ਆ ਡੇਰੇ ਲਾਏ ਅਤੇ ਇਕ ਚੱਟੂ ਜੋ ਵੰਡ ਦੇ ਉਸ ਸਮੇਂ ਦੌਰਾਨ ਉਹਨਾਂ ਨੇ ਸਗੋਂ ਉਹਨਾਂ ਦੀ ਕੁੜੀ ਨੇ ਆਪਣੀ ਜ਼ਿੱਦ ਦੇ ਨਾਲ ਆਪਣੇ ਨਾਲ ਲੈ ਆਂਦਾ ਸੀ, ਉਸ ਔਖੇ ਵੇਲੇ ਉਹਨਾਂ ਦਾ ਸਾਥ ਨਿਭਾਉਂਦਿਆਂ ਹਰ ਜ਼ਿੰਮੇਵਾਰੀ ਨੂੰ ਸਾਂਭਿਆ, ਪਰ ਵਕਤ ਬਦਲਣ ਨਾਲ ਕਦੇ ਉਸ ਬਹੁਤ ਅਹਿਮ ਰਹੇ ਚੱਟੂ ਨੂੰ ਕਬਾੜ ਵਿੱਚ ਸੁੱਟਦਿਆਂ ਤੇ ਫਿਰ ਬਾਲਣ ਲਈ ਉਸ ਨੂੰ ਵਰਤਦਿਆਂ ਏਦਾਂ ਜਾਪਦਾ ਹੈ, ਜਿਵੇਂ ਕਿ ਮਨੁੱਖੀ ਹੋਣੀ ਇਹੀ ਹੋਵੇ ਕਿ ਜਦੋਂ ਤੱਕ ਕਿਸੇ ਦੀ ਜ਼ਰੂਰਤ ਹੋਵੇ, ਉਸ ਸਮੇਂ ਤੱਕ ਹੀ ਉਹ ਮਹੱਤਵਪੂਰਨ ਹੁੰਦਾ ਹੈ, ਬਾਅਦ ਵਿੱਚ ਉਸ ਨੂੰ ਮਹਿਜ਼ ਫ਼ਾਲਤੂ ਵਸਤੂ ਸਮਝ ਸੁੱਟ ਦਿੱਤਾ ਜਾਂਦਾ ਹੈ ਜਾਂ ਜ਼ਿੰਦਗੀ ਵਿੱਚ ਪਰੇ ਕਰ ਦਿੱਤਾ ਜਾਂਦਾ ਹੈ। 'ਸੱਪ ਤੇ ਸ਼ਹਿਰ' ਵੀ ਵੰਡ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਕਹਾਣੀ ਉਸ ਸਮੇਂ ਦਾ ਬਿਰਤਾਂਤ ਸਿਰਜਦੀ ਹੈ, ਜਦੋਂ ਉੱਜੜ ਕੇ ਆਏ ਪਨਾਹਗੀਰ ਢਿੱਡ ਭਰਨ ਲਈ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲ਼ਦੇ ਸਨ। 'ਸੱਪ ਦਾ ਜ਼ਹਿਰ' ਫਿਰਕੂ ਨਫ਼ਰਤ ਦਾ ਚਿਹਨ ਬਣ ਕੇ ਉੱਭਰਦਾ ਹੈ। 'ਜਿੱਤ' ਵੀ ਵੰਡ ਦੇ ਮਸਲੇ ਨੂੰ ਉਭਾਰਦੀ ਹੈ। ਜਿਹਦੇ 'ਚ ਮਰਾਸੀ ਦੀ ਮਨੋਚੇਤਨਾ ਨੂੰ ਚਿਤਰਿਆ ਗਿਆ ਹੈ। ਉਜਾੜੇ ਲੋਕਾਂ ਦੀ ਅਮਾਨਤ ਸਾਂਭ ਕੇ ਰੱਖਣਾ... ਪਰਸਥਿਤੀਆਂ ਦਾ ਬਦਲਣਾ... ਅਮਾਨਤ 'ਚ ਖਿਆਨਤ ਦਾ ਸ਼ੱਕ ਉਪਜਣਾ ਪਰ ਅੰਤ ਕਹਾਣੀਕਾਰ ਵੱਲੋਂ ਅਜਿਹੇ ਸਦੀਵੀ ਸੱਚ ਨੂੰ ਪੇਸ਼ ਕਰਨ ਨਾਲ ਕਹਾਣੀ ਮਾਨਵੀ ਸੰਵੇਦਨਾ ਦੀ ਬਾਤ ਪਾਉਂਦੀ ਹੈ। 'ਸੁੱਕੇ ਸਮੁੰਦਰ', 'ਬੋਲ ਮੇਰੀ ਮੱਛਲੀ' ਅਜਿਹੀਆਂ ਹੀ ਕਹਾਣੀਆਂ ਹਨ। 'ਚਾਦਰ ਹੇਠਲਾ ਬੰਦਾ' ਆਪਣੇ ਹੀ ਮੁਲਕ ਅੰਦਰ ਝੱਲੇ ਉਜਾੜੇ ਦੀ ਅਜਿਹੀ ਦਾਸਤਾਨ ਨੂੰ ਬਿਆਨ ਕਰਦਾ ਹੈ, ਜਿਸ ਵਿੱਚ ਦੋ ਵਾਰ ਉੱਜੜ ਕੇ ਵਸੇ ਮਾਸਟਰ ਸਤਨਾਮ ਦਾ ਹੌਸਲਾ ਹੈ, ਜੋ

26-March-Sunday.qxd 3/25/2023 9:56 PM Page 6

ਆਨੰਦ ਜੋੜੀ ਪੁਰਸਕਾਰ ਭੁੱਲਰ ਤੇ ਬਲੀਜੀਤ ਨੂੰ

ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਰੋਹ ਦੇ ਸਬੱਬ ਨਾਲ ਵੱਡੇ ਸੁਪਨਸਾਜ਼ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਜਿਸ ਧਰਤੀ 'ਤੇ ਸੁਪਨੇ ਬੀਜੇ ਸਨ, ਜੋ ਪੁੰਗਰੇ ਵੀ, ਉਸ ਦੀ ਜਿਆਰਤ ਹੋ ਜਾਂਦੀ ਹੈ ਤੇ ਸਾਹਿਤ ਦੇ ਵੱਡੇ ਵਿਦਵਾਨਾਂ ਦੇ ਦਰਸ਼ਨ ਮੇਲੇ ਵੀ। ਗੁਰਬਖਸ਼ ਸਿੰਘ ਨਾਨਕ ਸਿੰਘ ਭਵਨ ਵਿੱਚ ਇਸ ਵਾਰ ਦਾ 'ਪ੍ਰੀਤ ਮੇਲਾ' ਪਹਿਲਾਂ ਨਾਲੋਂ ਵੀ ਸੁਹਣੇਰਾ ਹੋ ਨਿੱਬੜਿਆ, ਬਾਵਜੂਦ ਉਸ ਦਿਨ ਪੰਜਾਬ ਦੇ ਮਾਹੌਲ ਵਿੱਚ ਭੈਅ ਹੋਣ ਦੇ। ਉਸ ਦਿਨ ਸੜਕਾਂ 'ਤੇ ਪੱਸਰੇ ਸਹਿਮ ਕਰਕੇ ਕੁਝ ਵਿਦਵਾਨ ਲੇਖਕ ਪਹੁੰਚ ਨਾ ਸਕੇ। ਡਾ. ਮਨਮੋਹਨ, ਰਘਬੀਰ ਸਿੰਘ ਸਿਰਜਣਾ ਤੇ ਕਥਾਕਾਰ ਵਰਿਆਮ ਸਿੰਘ ਸੰਧੂ, ਜਿਹੜੇ ਸ਼ਾਇਦ ਪਹਿਲੀ ਵਾਰ ਸਮਾਗਮ ਦਾ ਹਿੱਸਾ ਬਣੇ, ਦੀ ਹਾਜ਼ਰੀ ਨਾਲ ਮਦਨਜੀਤ ਸਿੰਘ ਆਡੀਟੋਰੀਅਮ ਵਧੇਰੇ ਭਰਿਆ ਸੁਰਿਆ ਲੱਗਾ।

ਸਮਾਗਮ ਨਿਯਤ ਸਮੇਂ 'ਤੇ ਸ਼ੁਰੂ ਹੋ ਗਿਆ। ਸਟੇਜ ਸੰਭਾਲੀ ਕੁਲਵੰਤ ਸਿੰਘ ਸੰਧੂ ਹੁਰਾਂ। ਉਨ੍ਹਾਂ ਨੇ ਨਵਾਂ ਜ਼ਮਾਨਾ ਅਤੇ ਆਨੰਦ ਜੋੜੀ ਬਾਰੇ ਮੁੱਲਵਾਨ ਗੱਲਾਂ ਕੀਤੀਆਂ। ਸੰਧੂ ਨੇ ਨਵਾਂ ਜ਼ਮਾਨਾ ਨੂੰ ਪੱਤਰਕਾਰੀ ਦਾ ਸਕੂਲ ਦੱਸਿਆ ਤੇ ਜਗਜੀਤ ਸਿੰਘ ਆਨੰਦ ਨੂੰ ਇਸ ਦੇ ਪ੍ਰਿੰਸੀਪਲ। ਉਨ੍ਹਾਂ ਨੇ ਆਨੰਦ ਹੁਰਾਂ ਦਾ ਸਿਰੇ ਦਾ ਦੂਭਾਸ਼ੀਆ ਹੋਣ ਤੋਂ ਲੈ ਕੇ ਸ਼ਬਦ ਘਾੜੇ ਹੋਣ ਤੱਕ ਹਰੇਕ ਪਹਿਲੂ ਨਾਲ ਸਰੋਤਿਆਂ ਦੀ ਸਾਂਝ ਪਵਾਈ। ਉਰਮਿਲਾ ਆਨੰਦ ਦੀ ਸ਼ਖਸੀਅਤ ਦੀ ਗੱਲ ਕਰਦਿਆਂ ਸੰਧੂ ਨੇ ਕਿਹਾ ਕਿ ਜਗਜੀਤ ਸਿੰਘ ਆਨੰਦ ਜੋ ਬਣੇ ਸਕੇ, ਉਹ ਨਾ ਬਣਦੇ ਜੇਕਰ ਉਰਮਿਲਾ ਹੁਰੀ ਉਨ੍ਹਾਂ ਦੀ ਜੀਵਨ ਸਾਥਣ ਨਾ ਹੁੰਦੇ।

ਹਿਰਦੇਪਾਲ ਸਿੰਘ ਨੇ ਪ੍ਰੀਤ ਭਵਨ ਦੇ ਵਿਹੜੇ ਵਿੱਚ ਪਧਾਰਨ ਲਈ ਸਭ ਨੂੰ ਜੀ ਆਇਆਂ ਆਖਿਆ।

ਸੁਕੀਰਤ ਨੇ ਸਮਾਗਮ ਨੂੰ ਅੱਗੇ ਤੋਰਦਿਆਂ ਪੁਰਸਕਾਰ ਦੇਣ ਦਾ ਮੰਤਵ ਅਤੇ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੀ ਚੋਣ ਵਿਧੀ ਬਾਰੇ ਵਿਸਥਾਰ ਨਾਲ ਦੱਸਿਆ। ਜਗਜੀਤ ਸਿੰਘ ਆਨੰਦ ਅਤੇ ਨਵਾਂ ਜ਼ਮਾਨਾ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਆਨੰਦ ਹੁਰੀਂ ਖੱਬੀ ਲਹਿਰ ਦੇ ਜਿਸ ਟੋਟੇ ਦਾ ਹਿੱਸਾ ਸਨ, ਦੇ ਨਾਲ-ਨਾਲ ਉਨ੍ਹਾਂ ਨੇ ਨਵਾਂ ਜ਼ਮਾਨਾ ਨੂੰ ਸਮੁੱਚੀ ਲਹਿਰ ਦਾ ਤਰਜਮਾਨ ਬਣਾਇਆ ਸੀ। ਇਸ ਸਮਾਗਮ ਦਾ ਪ੍ਰੀਤ ਨਗਰ ਵਿੱਚ ਹੀ ਕਰਵਾਉਣ ਦੇ ਫੈਸਲੇ ਦੀ ਭਾਵਨਾ ਦਾ ਜ਼ਿਕਰ ਕਰਦਿਆਂ ਸੁਕੀਰਤ ਨੇ ਇਸ ਨਗਰ ਨੂੰ ਜੀਊਂਦੇ ਰੱਖਣ ਲਈ ਇਸ ਤਰ੍ਹਾਂ ਕੀਤੇ ਜਾਣ ਨੂੰ ਜ਼ਰੂਰੀ ਦੱਸਿਆ।

ਰਾਜਪਾਲ ਸਿੰਘ ਨੇ ਜਗਜੀਤ ਸਿੰਘ ਆਨੰਦ ਪੁਰਸਕਾਰ ਪ੍ਰਾਪਤ ਕਰਨ ਵਾਲੇ ਪੱਤਰਕਾਰ ਚਰਨਜੀਤ ਸਿੰਘ ਭੁੱਲਰ ਦੀ ਸ਼ਖਸੀਅਤ ਅਤੇ ਉਸ ਦੀ ਖੋਜੀ ਪੱਤਰਕਾਰਤਾ ਬਾਰੇ ਬੋਲਦਿਆਂ ਕਿਹਾ ਕਿ ਨੰਗੇ ਸੱਚ ਨਾਲ ਖੜਨਾ ਬੜਾ ਔਖਾ ਹੈ ਤੇ ਭੁੱਲਰ ਨੇ ਅਜਿਹੀ ਜੁਰਅਤ ਕੀਤੀ ਹੈ। ਇਸੇ ਦੌਰਾਨ ਪ੍ਰਬੰਧਕਾਂ ਵੱਲੋਂ ਚਰਨਜੀਤ ਭੁੱਲਰ ਨੂੰ ਸ਼ਾਨਦਾਰ ਟਰਾਫੀ ਅਤੇ 51000 ਦੀ ਨਕਦ ਰਾਸ਼ੀ ਭੇਟ ਕੀਤੀ ਗਈ।

ਚਰਨਜੀਤ ਭੁੱਲਰ ਨੇ ਸਰੋਤਿਆਂ ਦੇ ਰੂ-ਬ-ਰੂ ਹੁੰਦਿਆਂ ਅਨੇਕਾਂ ਉਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ, ਜਿਹੜੀਆਂ ਖਬਰਾਂ ਦਾ ਹਿੱਸਾ ਬਣ ਕੇ ਕਿਸੇ ਦਾ ਕੁਝ ਸਵਾਰ ਸਕੀਆਂ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਵਿੱਚ ਸੱਚੀ ਪੱਤਰਕਾਰੀ ਲਈ ਬੜੀਆਂ ਚੁਣੌਤੀਆਂ ਹਨ।

ਕਹਾਣੀਕਾਰ ਬਲੀਜੀਤ ਨੂੰ ਉਰਮਿਲਾ ਆਨੰਦ ਪੁਰਸਕਾਰ ਵਿੱਚ ਟਰਾਫੀ ਅਤੇ 21000 ਰੁਪਏ ਦਿੱਤੇ ਗਏ। ਇਹ ਪੁਰਸਕਾਰ ਉਨ੍ਹਾਂ ਦੀ ਕਹਾਣੀ 'ਨੂਣ' ਨੂੰ ਮਿਲਿਆ ਹੈ। ਪੁਰਸਕਾਰ ਸੌਂਪਣ ਦੀ ਰਸਮ ਕਥਾਕਾਰ ਵਰਿਆਮ ਸਿੰਘ ਸੰਧੂ ਨੇ ਨਿਭਾਈ। ਡਾ. ਮਨਮੋਹਨ ਨੇ ਕਹਾਣੀਆਂ ਬਾਰੇ ਗੱਲਾਂ ਕੀਤੀਆਂ। ਉਨ੍ਹਾਂ ਕਿਹਾ ਕਿ ਨਿੱਕੀ ਕਹਾਣੀ ਆਪਣੇ ਮੂਲ ਵੱਲ ਪਰਤ ਰਹੀ ਹੈ। ਇਹ ਵਰਤਾਰਾ ਸ਼ੁੱਭ ਸ਼ਗਨ ਹੈ। ਬਲੀਜੀਤ ਨੇ ਆਪਣੀ ਕਹਾਣੀ 'ਨੂਣ' ਬਾਰੇ ਅਨੁਭਵ ਸਾਂਝੇ ਕੀਤੇ। ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਮੈਂ ਸੁਰਤ ਸੰਭਾਲਣ ਦੇ ਦਿਨਾਂ ਤੋਂ ਹੀ ਆਨੰਦ ਜੋੜੀ ਨੂੰ ਜਾਣਦਾ ਹਾਂ ਤੇ ਜੋੜੀ ਦਾ ਮੁਰੀਦ ਰਿਹਾ ਹਾਂ। ਉਨ੍ਹਾਂ ਕਿਹਾ ਕਿ ਜਗਜੀਤ ਸਿੰਘ ਆਨੰਦ ਜਿੱਥੇ ਵੱਡੇ ਸਿਆਸਤਦਾਨ ਸਨ, ਉੱਥੇ ਸਮਰੱਥ ਪੱਤਰਕਾਰ ਤੇ ਲੇਖਕ ਵੀ ਸਨ। ਸਮਾਜ ਦੇ ਇਹ ਤਿੰਨੋਂ ਪੱਖ ਬਹੁਤ ਅਹਿਮ ਹਨ। ਵਿਚਾਰਧਾਰਕ ਤੌਰ 'ਤੇ ਪਰਪੱਕ ਆਨੰਦ ਹੁਰਾਂ ਨਾਲ ਕੁਝ ਵਖਰੇਵੇਂ ਵੀ ਸਨ, ਪਰ ਉਨ੍ਹਾਂ ਦੀ ਸਮਝਦਾਰੀ ਹਮੇਸ਼ਾ ਕਾਇਲ ਕਰਦੀ ਰਹੀ। ਉਨ੍ਹਾਂ ਦੀ ਵਾਰਤਿਕ ਦਾ ਕੋਈ ਸਾਨੀ ਨਹੀਂ ਸੀ। ਉਨ੍ਹਾਂ ਦੀ ਅਗਵਾਈ ਵਿੱਚ ਚੱਲਦਾ ਨਵਾਂ ਜ਼ਮਾਨਾ ਪੱਤਰਕਾਰੀ ਦੀ ਨਰਸਰੀ ਸੀ। ਸਿਰਜਣਾ ਨੇ ਹੈੱਡਮਾਸਟਰ ਮਹਿਤਾਬ ਸਿੰਘ, ਪ੍ਰੀਤਮ ਸਿੰਘ ਸਫੀਰ, ਦਾਰ ਜੀ ਅਤੇ ਨਵਤੇਜ ਸਿੰਘ ਆਦਿ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੁਕੀਰਤ ਨੇ ਇਨ੍ਹਾਂ ਸਾਰਿਆਂ ਦੇ ਗੁਣ ਸਾਂਭ ਲਏ ਅਤੇ ਸੀਮਾਵਾਂ ਛੱਡ ਦਿੱਤੀਆਂ। ਪੰਜਾਬੀ ਕਹਾਣੀ ਦੀ ਗੱਲ ਕਰਦਿਆਂ ਰਘਬੀਰ ਸਿੰਘ ਨੇ ਕਿਹਾ ਕਿ ਇਹ ਕਿਸੇ ਵੀ ਜ਼ੁਬਾਨ ਦੀ ਕਹਾਣੀ ਦੇ ਹਾਣ ਦੀ ਹੈ। ਇਹ ਬਹੁਤ ਭਾਰ ਚੁੱਕਣ ਦੇ ਸਮਰੱਥ ਹੈ। ਅਰਵਿੰਦਰ ਧਾਲੀਵਾਲ ਨੇ ਆਪਣੀ ਕਹਾਣੀ ਦੀ ਗੱਲ ਕਰਦਿਆਂ ਮਜਾਹੀਆ ਲਹਿਜੇ ਵਿੱਚ ਕਿਹਾ ਕਿ ਉਸ ਦੀ ਇੱਕ ਕਹਾਣੀ ਮਰਦਾ ਦੀਆਂ ਨੌਂ ਕਹਾਣੀਆਂ ਦੇ ਬਰਾਬਰ ਹੈ। ਹਰਪ੍ਰੀਤ ਸੇਖਾ (ਕੈਨੇਡਾ) ਦਾ ਰਿਕਾਰਡ ਕੀਤਾ ਸੰਦੇਸ਼ ਸੁਣਾਇਆ ਗਿਆ। ਹਰਪ੍ਰੀਤ ਸਿੰਘ ਚੰਨੂੰ ਦੀ ਕਹਾਣੀ 'ਚੱਲ ਚਿੜੀਏ ਮੈਂ ਆਇਆ' ਬਾਰੇ ਦੀਪਤੀ ਬਬੂਟਾ ਨੇ ਗੱਲਾਂ ਕੀਤੀਆਂ। ਕਰਨਲ ਜਸਬੀਰ ਭੁੱਲਰ, ਸੁਆਮੀ ਸਰਬਜੀਤ, ਬਲਵਿੰਦਰ ਗਰੇਵਾਲ ਅਤੇ ਭਗਵੰਤ ਰਸੂਲਪੁਰੀ ਨੇ ਆਪੋ-ਆਪਣੀਆਂ ਕਹਾਣੀਆਂ ਦੀਆਂ ਜੰਮਣ ਪੀੜਾਂ ਸਾਂਝੀਆਂ ਕੀਤੀਆਂ।

ਜਸ ਮੰਡ ਨੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰ ਖੇਤਰ ਦੇ ਧੁਨੰਤਰਾਂ ਨੂੰ ਪ੍ਰੀਤ ਨਗਰ ਵਿੱਚ ਇਕੱਠੇ ਕਰਨਾ ਸੁਕੀਰਤ ਦਾ ਖੂਬਸੂਰਤ ਉਪਰਾਲਾ ਹੈ।

— ਗਿਆਨ ਸੈਦਪੁਰੀ

'ਮੇਰੀਆਂ 21 ਕਹਾਣੀਆਂ' ਲੋਕ ਅਰਪਣ

ਮਾਨਸਾ-ਇੱਥੋਂ ਦੇ ਚਰਚਿਤ ਕਹਾਣੀਕਾਰ ਅਨੇਮਨ ਸਿੰਘ ਦੀ ਪੁਸਤਕ 'ਮੇਰੀਆਂ 21 ਚੋਣਵੀਆਂ ਕਹਾਣੀਆਂ' ਕਹਾਣੀਕਾਰ ਦਰਸ਼ਨ ਜੋਗਾ ਦੇ ਗ੍ਰਹਿ ਵਿਖੇ ਲੋਕ ਅਰਪਣ ਕੀਤੀ ਗਈ। ਆਰਸੀ ਪਬਲੀਸ਼ਰਜ਼ ਦਿੱਲੀ ਵਾਲਿਆਂ ਵੱਲੋਂ ਛਾਪੀ ਗਈ ਇਸ ਪੁਸਤਕ ਨੂੰ ਰਿਲੀਜ਼ ਕਰਨ ਮੌਕੇ ਸ਼ਾਇਰ ਗੁਰਪ੍ਰੀਤ ਨੇ ਕਿਹਾ ਕਿ ਅਨੇਮਨ ਸਿੰਘ ਨਿਵੇਕਲੀ ਕਿਸਮ ਦਾ ਕਹਾਣੀਕਾਰ ਹੈ, ਜੋ ਮਨੁੱਖੀ ਮਨ ਦੀਆਂ ਮਹੀਨ ਤੰਦਾਂ ਨੂੰ ਫੜ ਕੇ ਆਪਣੀ ਕਹਾਣੀ ਲਿਖਦਾ ਹੈ . ਉਹਨਾਂ ਕਿਹਾ ਕਿ ਅਨੇਮਨ ਦੀ ਕਹਾਣੀ ਪੰਜਾਬੀ ਰਵਾਇਤੀ ਕਹਾਣੀ ਤੋਂ ਹਟਵੀਂ ਹੈ ਅਤੇ ਇਕ ਨਵੀਂ ਲੀਹ ਪਾੜਦੀ ਹੈ। ਕਵੀ ਅੰਮਿਤ ਸਮਿਤੋਜ ਨੇ ਕਿਹਾ ਕਿ ਅਨੇਮਨ ਜਿੱਥੇ ਇੱਕ ਖੂਬਸੂਰਤ ਕਹਾਣੀਕਾਰ ਹੈ, ਉੱਥੇ ਹੀ ਬਹੁਤ ਵਧੀਆ ਇਨਸਾਨ ਹੈ। ਉਹਨਾਂ ਕਿਹਾ ਕਿ ਅਨੇਮਨ ਦੀਆਂ ਇਹ ਕਹਾਣੀਆਂ ਛਪ ਕੇ ਪਹਿਲਾਂ ਹੀ ਪੰਜਾਬੀ ਸਾਹਿਤਕ ਖੇਤਰ 'ਚ ਚਰਚਿਤ ਹੋ ਗਈਆਂ ਹਨ।

ਨੌਜਵਾਨ ਗਲਪਕਾਰ ਅਮਨ ਮਾਨਸਾ ਨੇ ਕਿਹਾ ਕਿ ਜ਼ਿੰਦਗੀ ਦੇ ਕਰੂਰ ਯਥਾਰਥ ਨੂੰ ਆਪਣੀਆਂ ਕਹਾਣੀਆਂ ਰਾਹੀਂ ਬੁਣ ਕੇ ਅਨੇਮਨ ਅਜਿਹੇ ਪਾਤਰਾਂ ਨੂੰ ਪਾਠਕਾਂ ਦੇ ਸਾਹਮਣੇ ਰੱਖਦਾ ਹੈ, ਜੋ ਸਮਾਜ ਵੱਲੋਂ ਤ੍ਰਿਸਕਾਰੇ ਜਾਂਦੇ ਹਨ। ਉਹਨਾਂ ਕਿਹਾ ਕਿ ਅਨੇਮਨ ਦੀ ਇਹ ਵਿਸ਼ੇਸ਼ਤਾ ਹੈ ਕਿ ਪਾਠਕ ਇੱਕ ਵਾਰ ਕਹਾਣੀ ਪੜ੍ਹਨਾ ਸ਼ੁਰੂ ਕਰਕੇ ਇਸ ਨੂੰ ਵਿਚਾਲੇ ਨਹੀਂ ਛੱਡ ਸਕਦਾ। ਕਹਾਣੀਕਾਰ ਦਰਸ਼ਨ ਜੋਗਾ ਨੇ ਸਾਰੇ ਲੇਖਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਨੇਮਨ ਪੰਜਾਬੀ ਦਾ ਡੂੰਘੇਰੇ ਅਨੁਭਵਾਂ ਅਤੇ ਵੱਖਰੀ ਭਾਂਤ ਦਾ ਕਹਾਣੀਕਾਰ ਹੈ, ਉਸ ਦੀਆਂ ਇਹ ਕਹਾਣੀਆਂ ਪਾਠਕ ਨੂੰ ਝੰਜੋੜਦੀਆਂ ਹਨ।

'ਪੁੱਤ ਮੈਂ ਇੰਡੀਆ ਜਾਣੈਂ' ਲੋਕ-ਅਰਪਣ

ਚੰਡੀਗੜ੍ਹ-ਪੰਜਾਬੀ ਲੇਖਕ ਸਭਾ (ਰਜਿ.) ਚੰਡੀਗੜ੍ਹ ਵੱਲੋਂ ਅੱਜ ਪਰਵਾਸੀ ਪੰਜਾਬੀ ਲੇਖਕ ਸੁਰਿੰਦਰ ਸਿੰਘ ਰਾਏ ਦੀ ਪੁਸਤਕ "ਪੁੱਤ ਮੈਂ ਇੰਡੀਆ ਜਾਣੈਂ" ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਲੋਕ-ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਡਾ. ਲਾਭ ਸਿੰਘ ਖੀਵਾ, ਕਹਾਣੀਕਾਰ ਜਸਪਾਲ ਮਾਨਖੇੜਾ, ਪ੍ਰੋਫੈਸਰ ਡਾ. ਭੀਮਇੰਦਰ ਸਿੰਘ, ਪ੍ਰਿੰਸੀਪਲ (ਡਾ.) ਸੁਨੀਲ ਖੋਸਲਾ, ਪ੍ਰੋ. ਸੁਖਜਿੰਦਰ ਸਿੰਘ ਅਤੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਪਤੰਗ ਹਾਜ਼ਰ ਹੋਏ।

ਸਭ ਤੋਂ ਪਹਿਲਾਂ ਡਾ. ਅਵਤਾਰ ਸਿੰਘ ਪਤੰਗ ਨੇ ਪ੍ਰਧਾਨਗੀ ਮੰਡਲ ਅਤੇ ਹਾਜ਼ਰ ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਪੁਰਾਤਨ ਧਾਰਮਿਕ ਗ੍ਰੰਥਾਂ ਦਾ ਹਵਾਲਾ ਦਿੰਦਿਆਂ ਸ਼ਬਦ ਦੀ ਮਹੱਤਤਾ ਦਾ ਜ਼ਿਕਰ ਕੀਤਾ। ਇਸ ਤੋਂ ਬਾਅਦ ਸੁਰਿੰਦਰ ਸਿੰਘ ਰਾਏ ਦੀ ਪੁਸਤਕ "ਪੁੱਤ ਮੈਂ ਇੰਡੀਆ ਜਾਣੈਂ" ਲੋਕ-ਅਰਪਣ ਕੀਤਾ ਗਿਆ। ਪ੍ਰੋ. ਸੁਖਜਿੰਦਰ ਸਿੰਘ ਨੇ ਪੁਸਤਕ ਉੱਤੇ ਪਰਚਾ ਪੜ੍ਹਦਿਆਂ ਕਿਹਾ ਕਿ ਸ੍ਰੀ ਰਾਏ ਨੇ ਆਪਣੀਆਂ ਕਹਾਣੀਆਂ ਵਿੱਚ ਪੰਜਾਬੀ ਨੌਜਵਾਨਾਂ ਦੇ ਪਰਵਾਸ ਕਾਰਨ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਪ੍ਰਸੰਗ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਪੰਜਾਬ ਦੀ ਨੌਜਵਾਨੀ ਅਤੇ ਸਰਮਾਇਆ ਵਿਦੇਸ਼ਾਂ ਵਿੱਚ ਜਾ ਰਿਹਾ ਹੈ। ਪਿੱਛੇ ਰਹਿ ਗਏ ਬਜ਼ੁਰਗ ਇਕਲਾਪੇ ਕਾਰਨ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਕਹਾਣੀਕਾਰ ਜਸਪਾਲ ਮਾਨਖੇੜਾ ਨੇ ਕਿਹਾ ਕਿ ਰਾਏ ਦੀਆਂ ਕਹਾਣੀਆਂ ਦੇਸ਼ ਅਤੇ ਪਰਦੇਸ਼ ਵਿੱਚ ਰਹਿ ਰਹੇ ਪੰਜਾਬੀਆਂ ਦੇ ਸੰਤਾਪ ਨੂੰ ਬੜੀ ਸ਼ਿੱਦਤ ਨਾਲ ਬਿਆਨ ਕਰਦੀਆਂ ਹਨ। ਡਾ. ਭੀਮਇੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਰਾਏ ਦੀਆਂ ਕਹਾਣੀਆਂ ਵਿੱਚ ਪੇਂਡੂ ਅਤੇ ਪਰਵਾਸੀ ਰਹਿਤਲ ਵਿੱਚ ਵਧ ਰਹੇ ਅੰਤਰਾਲ ਕਾਰਨ ਔਰਤ ਦੀ ਸਥਿਤੀ ਬਦਲ ਰਹੀ ਹੈ।

ਪ੍ਰਧਾਨਗੀ ਭਾਸ਼ਣ ਕਹਿੰਦਿਆਂ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਰਾਏ ਨੇ ਬਾਜ਼ਾਰ ਦੇ ਲਾਲਚ ਅਤੇ ਬਾਜ਼ਾਰ ਦੇ ਦਬਾਓ ਨੂੰ ਨਹੀਂ ਕਬੂਲਿਆ, ਸਗੋਂ ਕਹਾਣੀ ਵਿਧਾ ਵਿੱਚ ਲਿਖਣਾ ਜਾਰੀ ਰੱਖਿਆ। ਡਾ. ਖੀਵਾ ਨੇ ਅੱਗੇ ਕਿਹਾ ਕਿ ਤਕਨਾਲੋਜੀ ਦੇ ਬਦਲਣ ਕਰਕੇ ਨਵੀਂ ਪੀੜ੍ਹੀ ਉਸ ਤਰ੍ਹਾਂ ਦੀ ਕਿਰਤ ਤੋਂ ਵਿੱਛੜ ਗਈ ਹੈ, ਜਿਸ ਤਰ੍ਹਾਂ ਦੀ ਕਿਰਤ ਉਹਨਾਂ ਦੇ ਬਜ਼ੁਰਗ ਕਰਦੇ ਸਨ। ਉਨ੍ਹਾਂ ਕਿਹਾ ਕਿ ਤਕਨਾਲੋਜੀ ਮਨੁੱਖ ਦੇ ਜਨ-ਜੀਵਨ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਦਾ ਅਸਰ ਸਾਹਿਤ 'ਤੇ ਵੀ ਹੁੰਦਾ ਹੈ। ਉਨ੍ਹਾ ਕਿਹਾ ਕਿ ਰਾਏ ਦੀਆਂ ਕਹਾਣੀਆਂ ਹਰ ਪੱਖੋਂ ਮੁਕੰਮਲ ਹਨ। ਸ੍ਰੀਮਤੀ ਮਨਜੀਤ ਕੌਰ ਮੀਤ ਨੇ ਸਰੋਤਿਆਂ ਦਾ ਧੰਨਵਾਦ ਕੀਤਾ।

'ਟੂਮਾਂ' 'ਤੇ ਚਰਚਾ ਤੇ ਕਵੀ ਦਰਬਾਰ

ਬਠਿੰਡਾ-ਇੱਥੋਂ ਦੇ ਸਾਹਿਤ ਸਿਰਜਣਾ ਮੰਚ (ਰਜਿ.) ਵੱਲੋਂ ਲੋਕ ਮੰਚ (ਰਜਿ.) ਪੰਜਾਬ ਦੇ ਸਹਿਯੋਗ ਨਾਲ ਟੀਚਰਜ਼ ਹੋਮ ਬਠਿੰਡਾ ਵਿਖੇ ਪ੍ਰਸਿੱਧ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਦੇ ਗਜ਼ਲ ਸੰਗ੍ਰਹਿ 'ਟੂਮਾਂ' ਸੰਬੰਧੀ ਵਿਚਾਰ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਸੁਰਿੰਦਰ ਪ੍ਰੀਤ ਘਣੀਆਂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਮੰਚ ਦੇ ਉਦੇਸ਼ਾਂ ਅਤੇ ਸਰਗਰਮੀਆਂ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ। ਪ੍ਰੋਗਰਾਮ ਦੀ ਪ੍ਰਧਾਨਗੀ ਦਰਸ਼ਨ ਬੁੱਟਰ ਨੇ ਕੀਤੀ। ਬੂਟਾ ਸਿੰਘ ਚੌਹਾਨ, ਵਿਜੇ ਵਿਵੇਕ, ਮਨਜੀਤ ਪੁਰੀ, ਸੁਰਿੰਦਰਪ੍ਰੀਤ ਘਣੀਆਂ, ਸੁਖਦਰਸ਼ਨ ਗਰਗ, ਬਲਵਿੰਦਰ ਸੰਧੂ, ਗੁਰਦੇਵ ਖੋਖਰ ਅਤੇ ਸੁਖਮੰਦਰ ਸਿੰਘ ਚੱਠਾ ਨੇ ਪ੍ਰਧਾਨਗੀ ਮੰਡਲ ਵਿਚ ਸ਼ਿਰਕਤ ਕੀਤੀ। ਨੌਜਵਾਨ ਗਜ਼ਲ ਚਿੰਤਕ ਪ੍ਰੋ. ਦੀਪਕ ਧਲੇਵਾਂ ਨੇ ਸੁਰਿੰਦਰਪ੍ਰੀਤ ਘਣੀਆਂ ਦੀ ਪੁਸਤਕ 'ਟੂਮਾਂ' 'ਤੇ ਆਪਣਾ ਪਰਚਾ ਪੜ੍ਹਦਿਆਂ ਕਿਹਾ ਕਿ ਸੁਰਿੰਦਰਪ੍ਰੀਤ ਘਣੀਆਂ ਦੀ ਗਜ਼ਲ ਲੋਕ ਮਸਲਿਆਂ ਅਤੇ ਲੋਕ ਫਿਕਰਾਂ ਦੀ ਸ਼ਾਇਰੀ ਹੈ। ਇਹ ਸ਼ਾਇਰੀ ਪਾਠਕ ਨੂੰ ਕਾਵਿ ਸੁਹਜ ਵੀ ਪ੍ਰਦਾਨ ਕਰਦੀ ਹੈ ਅਤੇ ਉਸ ਨੂੰ ਚੇਤੰਨ ਵੀ ਕਰਦੀ ਹੈ। ਇਸ ਪਰਚੇ 'ਤੇ ਬਹਿਸ ਦਾ ਆਰੰਭ ਕਰਦਿਆਂ ਪ੍ਰੋ. ਗੁਰਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਆਪਣੇ ਸੁਹਜ ਅਤੇ ਸੰਗੀਤਕ ਤੱਤਾਂ ਕਾਰਨ ਇਨ੍ਹਾਂ ਗਜ਼ਲਾਂ ਨੂੰ ਬੜੀ ਖੂਬਸੂਰਤੀ ਨਾਲ ਸੰਗੀਤਬੱਧ ਕੀਤਾ ਜਾ ਸਕਦਾ ਹੈ। ਬੂਟਾ ਸਿੰਘ ਚੌਹਾਨ ਦਾ ਵਿਚਾਰ ਸੀ ਕਿ ਗਜ਼ਲ ਸੰਗ੍ਰਹਿ 'ਟੂਮਾਂ' ਦੇ ਸ਼ੇਅਰਾਂ ਵਿਚ ਸਮਕਾਲੀ ਮਸਲਿਆਂ 'ਤੇ ਬਹੁਤ ਪ੍ਰਤੀਕਰਮ ਹੋਇਆ ਹੈ। ਜਗਮੀਤ ਹਰਫ ਨੇ ਗਜ਼ਲਾਂ ਦੇ ਕਾਫੀਏ ਅਤੇ ਭਾਸ

26-MAR-PAGE-1.qxd 3/25/2023 10:13 PM Page 1

ਐਤਵਾਰ, 26 ਮਾਰਚ, 2023
13 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 294

ਨਵਾਂ ਜ਼ਮਾਨਾ

DAILY NAWAN ZAMANA • SUNDAY, 26 MARCH, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਮੈਂ ਸਾਵਰਕਰ ਨਹੀਂ, ਗਾਂਧੀ ਹਾਂ, ਮੁਆਫ਼ੀ ਨਹੀਂ ਮੰਗਦਾ : ਰਾਹੁਲ

ਅਡਾਨੀ 'ਤੇ ਮੇਰੇ ਅਗਲੇ ਭਾਸ਼ਣ ਤੋਂ ਮੋਦੀ ਘਬਰਾਏ

ਨਵੀਂ ਦਿੱਲੀ : ਲੋਕ ਸਭਾ ਮੈਂਬਰੀ ਗੁਆਉਣ ਤੋਂ ਬਾਅਦ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸ਼ਨੀਵਾਰ ਕਾਂਗਰਸ ਦੇ ਮੁੱਖ ਦਫ਼ਤਰ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ 'ਚ ਉਨ੍ਹਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਇਲਾਵਾ ਲੋਕ ਸਭਾ ਸਪੀਕਰ ਓਮ ਬਿਰਲਾ 'ਤੇ ਨਿਸ਼ਾਨਾ ਲਾਇਆ। ਉਨ੍ਹਾ ਦੋਸ਼ ਲਾਇਆ ਕਿ ਸਪੀਕਰ ਨੇ ਉਨ੍ਹਾ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ। ਦੋ ਵਾਰ ਚਿੱਠੀ, ਤੀਜੀ ਵਾਰ ਮਿਲੇ ਵੀ ਤਾਂ ਉਹ ਕਹਿੰਦੇ ਕੁਝ ਨਹੀਂ ਕਰ ਸਕਦੇ। ਮੋਦੀ ਉਪ ਨਾਂਅ 'ਤੇ ਮੁਆਫ਼ੀ ਨੂੰ ਲੈ ਕੇ ਪੁੱਛੇ ਸਵਾਲ ਦੇ ਜਵਾਬ 'ਚ ਰਾਹੁਲ ਨੇ ਕਿਹਾ ਕਿ ਮੈਂ ਕਿਸੇ ਤੋਂ ਨਹੀਂ ਡਰਦਾ। ਸਾਵਰਕਰ ਨਹੀਂ ਗਾਂਧੀ ਹਾਂ। ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਉਨ੍ਹਾ ਕਿਹਾ ਕਿ ਉਨ੍ਹਾ ਸੰਸਦ 'ਚ ਅਡਾਨੀ ਦੇ ਸੰਬੰਧ 'ਚ ਕੇਵਲ ਇੱਕ ਪ੍ਰਸ਼ਨ ਪੁੱਛਿਆ ਸੀ, 'ਅਡਾਨੀ ਦਾ ਮੁੱਖ ਕੰਮ ਵਪਾਰ ਹੈ, ਪਰ ਪੈਸਾ ਉਸ ਦਾ ਨਹੀਂ, ਮੈਂ ਕੇਵਲ ਇਹ ਜਾਨਣਾ ਚਾਹੁੰਦਾ ਸੀ ਕਿ ਇਹ 20,000 ਕਰੋੜ ਰੁਪਏ ਕਿਸ ਦੇ ਹਨ।' ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਡਾਨੀ ਵਿਚਾਲੇ ਸੰਬੰਧ ਨਵੇਂ ਨਹੀਂ ਹਨ, ਇਹ ਉਦੋਂ ਤੋਂ ਸ਼ੁਰੂ ਹੋਏ, ਜਦੋਂ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ। ਮੈਂ ਹਵਾਈ ਜਹਾਜ਼ 'ਤੇ ਬੈਠੇ ਨਰੇਂਦਰ ਮੋਦੀ ਦੀ ਫੋਟੋ

ਦਿਖਾਈ, ਪਰ ਮੇਰਾ ਭਾਸ਼ਣ ਹਟਾ ਦਿੱਤਾ ਗਿਆ।

ਪੱਤਰਕਾਰਾਂ ਨੇ ਰਾਹੁਲ ਗਾਂਧੀ ਤੋਂ ਮੋਦੀ ਉਪ ਨਾਂਅ ਨੂੰ ਲੈ ਕੇ ਸਵਾਲ ਪੁੱਛਿਆ ਕਿ ਉਨ੍ਹਾ ਇਸ ਬਿਆਨ ਨੂੰ ਲੈ ਕੇ ਮੁਆਫ਼ੀ ਕਿਉਂ ਨਹੀਂ ਮੰਗੀ। ਇਸ 'ਤੇ ਰਾਹੁਲ ਨੇ ਕਿਹਾ ਕਿ ਮੈਂ ਕਿਸੇ ਤੋਂ ਨਹੀਂ ਡਰਦਾ, ਮੈਂ ਸਾਵਰਕਰ ਨਹੀਂ, ਗਾਂਧੀ ਹਾਂ। ਮੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮੈਂ ਸਦਨ ਦੇ ਅੰਦਰ ਹਾਂ ਜਾਂ ਬਾਹਰ। ਮੈਂ ਆਪਣੀ ਆਵਾਜ਼ ਲਗਾਤਾਰ ਉਠਾਉਂਦਾ ਰਹਾਂਗਾ। ਮੈਂ ਪਹਿਲਾਂ ਵੀ ਕਈ ਵਾਰ ਆਖਿਆ ਹੈ ਕਿ ਦੇਸ਼ ਵਿਚ ਲੋਕਤੰਤਰ 'ਤੇ ਹਮਲਾ ਹੋ ਰਿਹਾ ਹੈ। ਅਸੀਂ ਹਰ ਰੋਜ਼ ਇਸ ਦੀਆਂ ਮਿਸਾਲਾਂ ਦੇਖ ਰਹੇ ਹਾਂ। ਰਾਹੁਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਮੇਰੇ ਭਾਸ਼ਣ ਤੋਂ ਡਰ ਗਏ। ਮੈਂ ਆਪਣੇ ਅਗਲੇ ਭਾਸ਼ਣ 'ਚ ਗੌਤਮ ਅਡਾਨੀ 'ਤੇ ਬਿਆਨ ਦੇਣ ਵਾਲਾ ਸੀ, ਪਰ ਮੈਨੂੰ ਬੋਲਣ ਨਹੀਂ ਦਿੱਤਾ ਗਿਆ। ਰਾਹੁਲ ਨੇ ਕਿਹਾ, 'ਮੈਂ ਉਨ੍ਹਾ ਦੀਆਂ ਅੱਖਾਂ 'ਚ ਡਰ ਦੇਖਿਆ।' ਮੈਂ ਇੱਥੇ ਲੋਕਾਂ ਦੇ ਲੋਕਤੰਤਰਿਕ ਅਧਿਕਾਰਾਂ ਦੀ ਰੱਖਿਆ ਲਈ ਹਾਂ। ਮੈਂ ਉਨ੍ਹਾ ਤੋਂ ਡਰਦਾ ਨਹੀਂ, ਇਹ ਮੇਰੇ ਇਤਿਹਾਸ 'ਚ ਨਹੀਂ ਹੈ। ਮੈਂ ਪੁੱਛਦਾ ਰਹਾਂਗਾ ਕਿ ਅਡਾਨੀ ਅਤੇ ਨਰੇਂਦਰ ਮੋਦੀ ਵਿਚਾਲੇ ਕੀ ਸੰਬੰਧ ਹਨ। ਉਹਨਾ ਨੂੰ ਸਮਰਥਨ ਦੇਣ ਵਾਲੇ ਸਾਰੇ ਵਿਰੋਧੀ ਦਲਾਂ ਦਾ ਧੰਨਵਾਦ ਦਿੰਦੇ ਹੋਏ ਕਾਂਗਰਸ ਨੇਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਘਬਰਾਹਟ ਦੱਸਦੀ ਹੈ ਕਿ ਵਿਰੋਧੀ ਇਕਜੁੱਟ ਹਨ। ਇਸ ਨਾਲ ਵਿਰੋਧੀਆਂ ਨੂੰ ਸਭ ਤੋਂ ਜ਼ਿਆਦਾ ਲਾਭ ਹੋਵੇਗਾ। ਉਨ੍ਹਾ ਕਿਹਾ ਮੈਂ ਕਿਸੇ ਜਾਤ, ਧਰਮ ਦਾ ਅਪਮਾਨ ਨਹੀਂ ਕੀਤਾ। ਇਹ ਸਭ ਦੇਸ਼ ਦੀ ਜਨਤਾ ਦਾ ਧਿਆਨ ਭਟਕਾਉਣ ਲਈ ਕੀਤਾ ਗਿਆ ਹੈ।

ਮਾਨ ਤੇ ਕੇਜਰੀਵਾਲ ਨੇ ਬੱਲਾਂ ਵਿਖੇ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦਾ ਰੱਖਿਆ ਨੀਂਹ ਪੱਥਰ

ਸੰਤ ਨਿਰੰਜਣ ਦਾਸ ਨੂੰ ਪ੍ਰਾਜੈਕਟ 'ਤੇ ਕੰਮ ਸ਼ੁਰੂ ਕਰਨ ਲਈ 25 ਕਰੋੜ ਰੁਪਏ ਦਾ ਚੈੱਕ ਸੌਂਪਿਆ, ਸਕਾਲਰਸ਼ਿਪ ਸਕੀਮ ਦੇ ਪੈਸੇ ਹੜੱਪ ਕੇ ਗਰੀਬਾਂ ਦਾ ਭਵਿੱਖ ਬਰਬਾਦ ਕਰਨ ਲਈ ਪਿਛਲੀਆਂ ਸਰਕਾਰਾਂ ਦੀ ਕੀਤੀ ਨਿੰਦਾ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)

ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਨਾਲ ਸ਼ਨੀਵਾਰ ਬੱਲਾਂ ਵਿਖੇ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦਾ ਨੀਂਹ ਪੱਥਰ ਰੱਖਿਆ ਅਤੇ ਕੰਮ ਸ਼ੁਰੂ ਕਰਨ ਲਈ 25 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਸੰਤ ਨਿਰੰਜਣ ਦਾਸ ਨੂੰ ਸੌਂਪੀ। ਮੁੱਖ ਮੰਤਰੀ ਅਤੇ ਅਰਵਿੰਦ ਕੇਜਰੀਵਾਲ ਨੇ ਡੇਰਾ ਸੱਚਖੰਡ ਬੱਲਾਂ ਵਿਖੇ ਮੱਥਾ ਟੇਕਿਆ ਅਤੇ ਡੇਰਾ ਮੁਖੀ ਸੰਤ ਨਿਰੰਜਣ ਦਾਸ ਤੋਂ ਆਸ਼ੀਰਵਾਦ ਲਿਆ। ਮਾਨ ਨੇ ਉਮੀਦ ਜਤਾਈ ਕਿ ਇਹ ਸਿੱਖਿਆ ਕੇਂਦਰ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਬਾਰੇ ਵਿਆਪਕ ਖੋਜ ਅਤੇ ਅਧਿਐਨ ਕਰਨ ਲਈ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾ ਕਿਹਾ ਕਿ ਇਹ ਕੇਂਦਰ ਭਗਤੀ ਲਹਿਰ ਦੇ ਮੋਹਰੀ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਦੁਨੀਆ ਦੇ ਕੋਨੇ-ਕੋਨੇ 'ਚ ਪ੍ਰਚਾਰਨ ਵਿੱਚ ਵੀ ਸਹਾਈ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਧੰਨ ਹਨ ਕਿ ਉਨ੍ਹਾ ਨੂੰ ਮਹਾਨ ਧਾਰਮਕ ਆਗੂਆਂ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਉਹਨਾ ਕਿਹਾ ਕਿ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸੂਬਾ ਸਰਕਾਰ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਹੋਰ ਖੇਤਰਾਂ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਵੱਡੇ-ਵੱਡੇ ਦਮਗਜੇ ਮਾਰਨ 'ਚ ਵਿਸ਼ਵਾਸ ਨਹੀਂ ਰੱਖਦੇ, ਸਗੋਂ ਸਮਾਜ ਲਈ ਜੋ ਚੰਗਾ ਹੋਵੇ, ਉਹ ਕੰਮ ਕਰਦੇ ਹਨ। ਉਨ੍ਹਾ ਕਿਹਾ ਕਿ ਇਸ ਵੱਕਾਰੀ ਪ੍ਰਾਜੈਕਟ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਇਸ ਪ੍ਰਾਜੈਕਟ 'ਤੇ ਕੰਮ ਸ਼ੁਰੂ ਕਰਨ ਲਈ ਪਹਿਲਾਂ ਹੀ ਡਿਪਟੀ ਕਮਿਸ਼ਨਰ ਦੇ ਖਾਤੇ 'ਚ ਪੈਸੇ ਤਬਦੀਲ ਕੀਤੇ ਜਾ ਚੁੱਕੇ ਹਨ। ਪਹਿਲਾਂ ਗਰੀਬਾਂ ਦੀ ਭਲਾਈ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਸਨ, ਪਰ ਅਸਲ ਅਰਥਾਂ 'ਚ ਕੰਮ ਕਿਸੇ ਨੇ ਨਹੀਂ ਕੀਤਾ। ਗਰੀਬਾਂ ਨੂੰ ਉਨ੍ਹਾਂ ਦੇ ਲੀਡਰ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਹੀ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾ ਲੋਕਾਂ ਨੂੰ ਚੇਤੇ ਕਰਵਾਇਆ ਕਿ ਪਿਛਲੀਆਂ ਸਰਕਾਰਾਂ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਪੈਸੇ ਹੜੱਪ ਕੇ ਗਰੀਬ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਕਰ ਦਿੱਤਾ। ਇਸ ਦੇ ਉਲਟ ਸਾਡੀ ਸਰਕਾਰ ਆਮ ਆਦਮੀ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ। ਮੁੱਖ ਮੰਤਰੀ

ਨੇ ਕਿਹਾ ਕਿ ਸੰਤ ਨਿਰੰਜਨ ਦਾਸ ਦੀ ਅਗਵਾਈ ਵਾਲੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਪ੍ਰਬੰਧਕ ਕਮੇਟੀ, ਇਸ ਕੇਂਦਰ ਦੇ ਸਮੁੱਚੇ ਮਾਮਲਿਆਂ ਦਾ ਪ੍ਰਬੰਧ ਦੇਖੇਗੀ। ਉਨ੍ਹਾ ਦੱਸਿਆ ਕਿ ਕਮੇਟੀ 'ਚ ਗੈਰ-ਸਰਕਾਰੀ ਮੈਂਬਰਾਂ ਤੋਂ ਇਲਾਵਾ ਸਕੱਤਰ ਸੈਰ-ਸਪਾਟਾ, ਸਕੱਤਰ ਐੱਸ ਸੀ /ਬੀ ਸੀ ਭਲਾਈ, ਵਿੱਤ ਸਕੱਤਰ ਅਤੇ ਸਥਾਨਕ ਡਿਪਟੀ ਕਮਿਸ਼ਨਰ ਇਸ ਦੇ ਮੈਂਬਰ ਹੋਣਗੇ। ਮਾਨ ਨੇ ਦੱਸਿਆ ਕਿ ਡਾਇਰੈਕਟਰ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਕਮੇਟੀ ਦੇ ਮੈਂਬਰ ਸਕੱਤਰ ਹੋਣਗੇ। ਉਨ੍ਹਾ ਕਿਹਾ ਕਿ ਕਮੇਟੀ ਵੱਲੋਂ ਇਸ ਮੰਤਵ ਲਈ ਲੋੜੀਂਦੀ ਜ਼ਮੀਨ ਦੀ ਖਰੀਦ ਸਮੇਤ ਕੇਂਦਰ ਦੇ ਵਿਕਾਸ ਸੰਬੰਧੀ ਅੱਗੇ ਦੀ ਕਾਰਵਾਈ ਬਾਰੇ ਫੈਸਲਾ ਕੀਤਾ ਜਾਵੇਗਾ। ਉਨ੍ਹਾ ਆਸ ਪ੍ਰਗਟਾਈ ਕਿ ਇਹ ਕੇਂਦਰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਹੋਰ ਪ੍ਰਫੁੱਲਤ ਕਰਨ ਲਈ ਚਾਨਣ ਮੁਨਾਰੇ ਦਾ ਕੰਮ ਕਰੇਗਾ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾ ਦੀ ਬਾਣੀ ਤੋਂ ਪ੍ਰੇਰਨਾ ਲੈ ਸਕਣ। ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ 'ਚ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਨੂੰ ਹਰ ਕੀਮਤ 'ਤੇ ਕਾਇਮ ਰੱਖਣਾ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ। ਉਨ੍ਹਾ ਕਿਹਾ ਕਿ ਅੱਜ ਸਿੱਖਿਆ ਦਾ ਯੁੱਗ ਹੈ ਅਤੇ ਵਿਸ਼ਵ ਭਰ 'ਚ ਗਿਆਨ ਅਤੇ ਮੁਹਾਰਤ ਵਾਲੇ ਲੋਕਾਂ ਦੀ ਵੱਖਰੀ ਪਛਾਣ ਹੈ, ਜਿਸ ਨੂੰ ਧਿਆਨ 'ਚ ਰੱਖਦਿਆਂ ਸੂਬਾ ਸਰਕਾਰ ਪੰਜਾਬ 'ਚ ਸਿੱਖਿਆ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਹ ਨੌਜਵਾਨਾਂ ਦੇ ਹੱਥਾਂ 'ਚ ਕਿਤਾਬਾਂ, ਲੈਪਟਾਪ, ਨੌਕਰੀਆਂ, ਤਰੱਕੀ ਅਤੇ ਮੈਡਲ ਦੇਖਣਾ ਚਾਹੁੰਦੇ ਹਨ, ਨਾ ਕਿ ਹਥਿਆਰ। ਇਸ ਦੌਰਾਨ ਸੰਤ ਨਿਰੰਜਨ ਦਾਸ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ।

ਪੰਜ ਹਫ਼ਤਿਆਂ 'ਚ 9 ਗੁਣਾ ਵਧਿਆ ਕੋਰੋਨਾ

ਨਵੀਂ ਦਿੱਲੀ : ਦੇਸ਼ ਭਰ 'ਚ ਕੋਰੋਨਾ ਦੇ ਮਾਮਲੇ ਇੱਕ ਵਾਰ ਫਿਰ ਤੋਂ ਰਫ਼ਤਾਰ ਫੜਦੇ ਨਜ਼ਰ ਆ ਰਹੇ ਹਨ। ਪਿਛਲੇ 24 ਘੰਟਿਆਂ 'ਚ 1590 ਲੋਕਾਂ ਦੇ ਕੋਰੋਨਾ ਪ੍ਰਭਾਵਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਦੇ ਨਾਲ ਹੀ 6 ਦੀ ਮੌਤ ਹੋ ਗਈ। 146 ਦਿਨਾਂ 'ਚ ਇਹ ਕੋਰੋਨਾ ਦੇ ਇੱਕ ਦਿਨ ਦੇ ਸਭ ਤੋਂ ਵੱਧ ਮਾਮਲੇ ਹਨ। ਸਿਹਤ ਅਤੇ ਪਰਵਾਰ ਕਲਿਆਣ ਮੰਤਰਾਲੇ ਮੁਤਾਬਕ ਪਿਛਲੇ ਪੰਜ ਹਫ਼ਤਿਆਂ 'ਚ ਕੋਰੋਨਾ ਦੇ ਮਾਮਲਿਆਂ 'ਚ ਨੌਂ ਗੁਣਾਂ ਵਾਧਾ ਦੇਖਣ ਨੂੰ ਮਿਲਿਆ ਹੈ। ਵਧਦੇ ਕੋਰੋਨਾ ਦੇ ਮਾਮਲਿਆਂ ਨੂੰ ਦੇਖਦੇ ਹੋਏ ਸਿਹਤ ਮੰਤਰਾਲੇ ਨੇ ਸਾਰੇ ਸੂਬਿਆਂ ਨੂੰ ਸਲਾਹ ਦਿੱਤੀ ਹੈ ਕਿ ਕੋਵਿਡ ਨਾਲ ਮੁਕਾਬਲੇ ਲਈ 'ਚਾਰ ਟੀ' (ਟੈਸਟ, ਟਰੈਕ, ਟ੍ਰੀਟ, ਟੀਕਾਕਰਨ) ਅਤੇ ਕੋਵਿਡ ਗਾਈਡ ਲਾਈਨ ਦੀ ਪਾਲਣਾ 'ਤੇ ਵਿਸ਼ੇਸ਼ ਧਿਆਨ ਦੇਣ। ਦੇਸ਼ 'ਚ ਓਮੀਕ੍ਰੋਨ ਦੇ ਐੱਸ ਬੀ ਬੀ1.16 ਬਦਲਵੇਂ ਰੂਪ ਨੂੰ ਵਧਦੇ ਮਾਮਲਿਆਂ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ, ਇਸ ਦੀ ਫੈਲਣ ਦੀ ਦਰ ਬਾਕੀਆਂ ਦੇ ਮੁਕਾਬਲੇ ਜ਼ਿਆਦਾ ਹੈ।

ਕੇਂਦਰੀ ਸਿਹਤ ਮੰਤਰਾਲੇ ਨੇ ਆਪਣੇ ਤਾਜ਼ਾ ਅੰਕੜਿਆਂ 'ਚ ਦੱਸਿਆ ਕਿ ਕੋਰੋਨਾ ਕਾਰਨ ਮਹਾਰਾਸ਼ਟਰ 'ਚ ਤਿੰਨ ਅਤੇ ਕਰਨਾਟਕ, ਰਾਜਸਥਾਨ ਅਤੇ ਉੱਤਰਾਖੰਡ ਵਿੱਚ ਇੱਕ-ਇੱਕ ਮਰੀਜ਼ ਦੀ ਮੌਤ ਹੋਣ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ 5,30,824 ਹੋ ਗਈ ਹੈ।

ਪਹਾੜਾਂ 'ਤੇ ਬਰਫ਼ ਦੀ ਚਿੱਟੀ ਚਾਦਰ

ਸ਼ਿਮਲਾ : ਹਿਮਾਚਲ ਪ੍ਰਦੇਸ਼ 'ਚ ਪਹਾੜਾਂ 'ਤੇ ਭਾਰੀ ਬਰਫ਼ਬਾਰੀ ਅਤੇ ਮੈਦਾਨੀ ਖੇਤਰਾਂ 'ਚ ਮੀਂਹ ਪੈ ਰਿਹਾ ਹੈ। ਲਾਹੌਲ ਸਪਿਤੀ, ਕੁੱਲੂ ਅਤੇ ਚੰਬਾ ਜ਼ਿਲ੍ਹਿਆਂ ਦੀਆਂ ਉਚੀਆਂ ਪਹਾੜੀਆਂ ਇੱਕ ਵਾਰ ਫਿਰ ਬਰਫ਼ ਦੀ ਚਿੱਟੀ ਚਾਦਰ ਨਾਲ ਢਕੀਆਂ ਗਈਆਂ। ਗੋਂਦਲਾ 'ਚ 8.5 ਸੈਂਟੀਮੀਟਰ, ਕੇਲਾਂਗ 'ਚ 2.6 ਸੈਂਟੀਮੀਟਰ, ਰੋਹਤਾਂਗ ਅਤੇ ਸਿਸੂ 'ਚ 3-3 ਸੈਂਟੀਮੀਟਰ ਤਾਜ਼ਾ ਬਰਫ਼ ਡਿੱਗੀ। ਉਥੇ ਹੀ ਚੰਬਾ ਦੇ ਡਲਹੌਜ਼ੀ 'ਚ ਬੀਤੇ 24 ਘੰਟਿਆਂ 'ਚ ਸਭ ਤੋਂ ਜ਼ਿਆਦਾ 81 ਮਿਲੀਮੀਟਰ ਮੀਂਹ ਪਿਆ। ਮੌਸਮ ਵਿਭਾਗ ਸ਼ਿਮਲਾ ਨੇ ਅਲਰਟ ਜਾਰੀ ਕੀਤਾ ਹੈ। ਇਸ ਅਨੁਸਾਰ ਚੰਬਾ, ਕਾਂਗੜਾ, ਲਾਹੌਲ ਸਪਿਤੀ, ਕਨੌਰ, ਕੁੱਲੂ ਅਤੇ ਸ਼ਿਮਲਾ

ਜ਼ਿਲ੍ਹਿਆਂ 'ਚ ਉਚੇ ਖੇਤਰਾਂ 'ਚ ਹਲਕੀ ਬਰਫ਼ਬਾਰੀ ਹੋ ਸਕਦੀ ਹੈ। ਬਰਫ਼ਬਾਰੀ ਕਾਰਨ ਕੇਲਾਂਗ ਦਾ ਤਾਪਮਾਨ ਫਿਰ ਤੋਂ ਮਨਫੀ ਹੋ ਗਿਆ। ਸ਼ਿਮਲਾ ਦਾ ਘੱਟੋ-ਘੱਟ ਤਾਪਮਾਨ 6.6 ਡਿਗਰੀ, ਊਨਾ ਦਾ 11, ਮਨਾਲੀ ਦਾ 4.8, ਸੋਲਨ 9.5 ਤੇ ਡਲਹੌਜ਼ੀ ਦਾ 2.9 ਡਿਗਰੀ ਤੱਕ ਤਾਪਮਾਨ ਡਿੱਗ ਗਿਆ।

ਮੀਂਹ ਚੇਤ ਦਾ, ਨਾ ਜੱਟ ਘਰ ਦਾ ਨਾ ਖੇਤ ਦਾ

ਮੀਂਹ ਨਾਲ ਬੁਰੀ ਤਰ੍ਹਾਂ ਡਿੱਗੀ ਕਣਕ ਦੀ ਫਸਲ। (ਫੋਟੋ ਤੇ ਵੇਰਵਾ : ਇਕਬਾਲ ਸਿੰਘ ਫੇਰੂਰਾਈ, ਰਾਏਕੋਟ)

ਸੜਕ ਹਾਦਸੇ 'ਚ ਵਿਛੋੜਾ ਦੇ ਗਏ ਅਧਿਆਪਕਾਂ ਦੇ ਪਰਵਾਰਾਂ ਨਾਲ ਸੀ ਪੀ ਆਈ ਵੱਲੋਂ ਸੰਵੇਦਨਾ ਪ੍ਰਗਟ

ਚੰਡੀਗੜ੍ਹ : ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਜਲਾਲਾਬਾਦ ਨੇੜੇ ਤਿੰਨ ਸਕੂਲ ਅਧਿਆਪਕਾਂ ਦੀ ਸੜਕ ਹਾਦਸੇ ਵਿਚ ਹੋਈ ਬੇਵਕਤੀ ਮੌਤ ਅਤੇ 10 ਅਧਿਆਪਕਾਂ ਦੇ ਗੰਭੀਰ ਜ਼ਖਮੀ ਹੋਣ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹਨਾ ਮਰਹੂਮ ਅਧਿਆਪਕਾਂ ਕੰਚਨ, ਮਨਿੰਦਰ ਕੌਰ ਅਤੇ ਪ੍ਰਿੰਸ ਕੰਬੋਜ ਦੇ ਪਰਵਾਰਾਂ ਅਤੇ ਸਨੇਹੀਆਂ ਨਾਲ ਗਹਿਰੀ ਸੰਵੇਦਨਾ ਵਿਅਕਤ ਕੀਤੀ ਹੈ। ਸਾਥੀ ਬਰਾੜ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸੂਬੇ ਦੇ ਦੂਰ-ਦੁਰਾਡੇ ਨੌਕਰੀ ਕਰਨ ਜਾਣ ਵਾਲੇ ਨੌਜਵਾਨ ਅਧਿਆਪਕਾਂ ਦੀਆਂ ਉਹਨਾਂ ਦੀ ਪਰਵਾਰਕ ਰਿਹਾਇਸ਼ ਨੇੜੇ ਬਦਲੀਆਂ ਕੀਤੀਆਂ ਜਾਣ, ਤਾਂ ਕਿ ਅਧਿਆਪਕਾਂ ਦਾ ਕੀਮਤੀ ਸਮਾਂ ਅਤੇ ਅਨਮੋਲ ਜੀਵਨ ਬਚਾਇਆ ਜਾ ਸਕੇ। ਉਹਨਾ ਕਿਹਾ ਕਿ ਮੈਡਮ ਕੰਚਨ, ਮੈਡਮ ਮਨਿੰਦਰ ਕੌਰ ਅਤੇ ਪ੍ਰਿੰਸ ਕੰਬੋਜ ਦੇ ਪਰਵਾਰਾਂ ਨੂੰ ਸੂਬਾ

page-6-26-(MARCH)-2023-G-(BV).qxd 3/25/2023 10:26 PM Page 1

ਕਿਸਾਨ-ਮਜ਼ਦੂਰ ਜਥੇਬੰਦੀ ਨੇ ਨੁਕਸਾਨੀਆਂ ਫਸਲਾਂ ਸੰਬੰਧੀ ਡੀ ਸੀ ਨੂੰ ਸੌਂਪਿਆ ਮੰਗ ਪੱਤਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਪੱਧਰੀ ਕਾਲ ਦੇ ਚਲਦੇ ਜ਼ਿਲ੍ਹਾ ਅੰਮ੍ਰਿਤਸਰ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਨੇ ਸੰਬੋਧਨ ਦੱਸਿਆ ਕਿ ਸਰਕਾਰ ਵੱਲੋਂ ਖੇਤੀ ਨੀਤੀ ਸਬੰਧੀ ਮੰਗੇ ਸੁਝਾਵਾਂ ਦੀ ਲਿਸਟ, ਜੋ ਕਿ ਲੰਬੇ ਸਮੇਂ ਤੋਂ ਜਥੇਬੰਦੀ ਦੇ ਏਜੰਡੇ ਤੇ ਹਨ ਅਤੇ ਗੜੇਮਾਰੀ ਤੇ ਬੇਮੌਸਮੀ ਬਰਸਾਤ ਕਾਰਨ ਹੋਏ ਫ਼ਸਲਾਂ ਦੇ ਖ਼ਰਾਬੇ ਲਈ ਡੀਸੀ ਦਫਤਰ ਵਿਖੇ ਮੰਗ ਪੱਤਰ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਮੁਆਵਜ਼ਾ ਦੇਣ ਦੇ ਨਾਲ-ਨਾਲ ਫਸਲੀ ਬੀਮਾ ਵੀ ਸਰਕਾਰੀ ਤੌਰ 'ਤੇ ਕੀਤਾ ਜਾਵੇ। ਖੇਤੀ ਨੀਤੀ ਸਬੰਧੀ ਸੁਝਾਵਾਂ ਤਹਿਤ ਅਜਿਹੀ ਖੇਤੀ ਨੀਤੀ ਬਣਨੀ ਚਾਹੀਦੀ ਹੈ ਜਿਸ ਨਾਲ ਕਿਸਾਨ ਅਤੇ ਖੇਤ ਮਜ਼ਦੂਰ ਦੀ ਪੁਰਾਣੀ ਸਮੇਂ ਵਰਗੀ ਸਾਂਝ ਕਾਇਮ ਹੋ ਸਕੇ, ਜਦਕਿ ਅੱਜ ਤੱਕ ਕਾਰਪੋਰੇਟ ਨੂੰ ਫਾਇਦੇ ਪਹੁੰਚਾਉਣ ਵਾਲੀਆਂ ਨੀਤੀਆਂ ਹੀ ਬਣੀਆਂ ਹਨ ਜਿਸ ਨਾਲ ਇਹ ਸਾਂਝ ਕਮਜ਼ੋਰ ਹੋਈ ਹੈ। ਪੰਜਾਬ ਵਿੱਚ ਜ਼ਮੀਨਾਂ ਦੀ ਵੰਡ 17.5 ਏਕੜ ਦੇ ਜ਼ਮੀਨ ਹੱਦਬੰਦੀ ਕਾਨੂੰਨ ਤਹਿਤ ਹੋਣੀ ਚਾਹੀਦੀ ਹੈ ਤੇ ਸਰਪਲੱਸ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਅਤੇ ਥੁੜ ਮਾਰੇ ਜ਼ਿਮੀਦਾਰਾਂ ਵਿਚ ਵੰਡੀਆਂ ਜਾਣ। ਖੇਤੀਬਾੜੀ ਅਧਾਰਿਤ ਪ੍ਰਦੂਸ਼ਣ ਮੁਕਤ ਛੋਟੀਆਂ ਸਨਅਤਾਂ, ਜੋ ਕਿਸਾਨਾਂ ਮਜ਼ਦੂਰਾਂ ਦੀਆਂ ਲੋਕਲ ਕਮੇਟੀਆਂ ਹੈਂਡਲ ਕਰਨ, ਲੱਗਣੀਆਂ ਚਾਹੀਦੀਆਂ ਹਨ।

ਸਾਰੀਆਂ ਫਸਲਾਂ ਦੀ ਖਰੀਦ ਦੀ ਗਰੰਟੀ ਕਾਨੂੰਨ ਪੰਜਾਬ ਸਰਕਾਰ ਬਣਾਵੇ ਜਿਸ ਨਾਲ ਝੋਨੇ ਦੀ ਫਸਲ ਤੋਂ ਛੁਟਕਾਰਾ ਮਿਲੇਗਾ ਅਤੇ ਧਰਤੀ ਹੇਠਲਾ ਪਾਣੀ ਬਚੇਗਾ। ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ। ਕਿਸਾਨਾਂ ਤੇ ਮਜ਼ਦੂਰਾਂ ਦੀਆਂ ਕੁਰਕੀਆਂ ਗ੍ਰਿਫਤਾਰੀਆਂ ਤੇ ਨਿਲਾਮੀਆ ਬੰਦ ਕੀਤੀਆਂ ਜਾਣ। ਖੇਤੀ ਸੰਦ, ਬੀਜ, ਖਾਦਾਂ, ਦਵਾਈਆਂ ਆਦਿ ਦਾ ਪ੍ਰਬੰਧ, ਕਾਰਪੋਰੇਟ ਨੂੰ ਬਾਹਰ ਕਰਕੇ, ਸਰਕਾਰ ਆਪਣੇ ਹੱਥ ਵਿਚ ਲਵੇ । ਸਾਰੀ ਖੇਤੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਮੁਹੱਈਆ ਹੋਵੇ, ਇਸ ਲਈ ਵੱਡੇ ਫ਼ੰਡ ਰੱਖੇ ਜਾਣ, ਨਵੀਆਂ ਨਹਿਰਾਂ, ਸੂਏ, ਰਜਬਾਹੇ ਤੇ ਖ਼ਾਲ ਕੱਢੇ ਜਾਣ। ਫਸਲਾਂ ਦੀ ਰਹਿੰਦ ਖੂੰਦ ਨੂੰ ਜ਼ਮੀਨ 'ਚ ਮਿਲਾਉਣ ਲਈ ਸੰਦ ਸਸਤੇ ਰੇਟ ਤੇ ਦਿੱਤੇ ਜਾਣ। ਪੰਜਾਬ ਨੂੰ ਜ਼ੋਨਾਂ ਵਿੱਚ ਵੰਡ ਕੇ ਵੱਖ-ਵੱਖ ਫਸਲਾਂ ਦੀ ਬਿਜਾਈ ਕਰਵਾਈ ਜਾਵੇ ਅਤੇ ਮੰਡੀਕਰਨ ਦਾ ਪ੍ਰਬੰਧ ਸਰਕਾਰ ਕਰੇ। 60 ਸਾਲ ਦੀ ਉਮਰ ਤੋਂ ਉੱਪਰ ਦੇ ਖੇਤ ਮਜਦੂਰਾਂ ਅਤੇ ਛੋਟੇ ਕਿਸਾਨਾਂ ਨੂੰ 10 ਹਜ਼ਾਰ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ। ਆਬਾਦਕਾਰਾਂ ਨੂੰ ਜ਼ਮੀਨਾਂ ਦੇ ਪੱਕੇ ਮਾਲਕੀ ਹੱਕ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਮੌਜੂਦਾ ਸਿਸਟਮ ਵਿੱਚ ਪਹਿਲਾਂ ਤੋਂ ਮੌਜੂਦ ਕਿਸਾਨ ਅਤੇ ਖੇਤ ਮਜ਼ਦੂਰ ਸਬੰਧੀ ਸਹੂਲਤਾਂ ਨੂੰ ਪੂਰਨ ਰੂਪ ਬਿਨਾ ਕਿਸੇ ਭੇਦਭਾਵ ਤੋਂ ਲਾਗੂ ਕੀਤਾ ਜਾਵੇ। ਇਸ ਪਿੱਛੋਂ ਚੱਬਾ ਵਿਚ ਜਥੇਬੰਦੀ ਮੁਖ ਦਫਤਰ ਵਿਚ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕਰਕੇ ਆਓਂਦੇ ਦਿਨਾਂ ਵਿਚ ਜਥੇਬੰਦਕ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਵਿਓਂਤਬੰਦੀ ਲਈ ਵਿਚਾਰ ਚਰਚਾ ਕੀਤੀ ਗਈ, ਜਿਸ ਵਿਚ 29 ਮਾਰਚ ਨੂੰ ਹੋਣ ਵਾਲੀ ਜਥੇਬੰਦਕ ਸ਼ਹੀਦਾਂ ਦੀ ਯਾਦ ਵਿਚ ਕੀਤੀ ਜਾਣ ਵਾਲੀ ਸ਼ਹੀਦੀ ਰੈਲੀ ਦੀ ਤਿਆਰੀ ਦੇ ਜਾਇਜ਼ੇ ਲਏ।

ਆਗੂਆਂ ਨੇ ਦੱਸਿਆ ਕਿ ਮੌਸਮ ਨੂੰ ਦੇਖਦੇ ਹੋਏ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਦੀ ਰਾਮਲੀਲਾ ਗਰਾਊਂਡ ਵਾਲੀ ਦਾਣਾ ਮੰਡੀ ਭਗਤਾਂ ਵਾਲਾ ਵਿਖੇ ਕੀਤੀ ਜਾਵੇਗੀ।

ਇਸ ਮੌਕੇ ਸੂਬਾ ਆਗੂ ਜਰਮਨਜੀਤ ਸਿੰਘ ਬੰਡਾਲਾ, ਗੁਰਬਚਨ ਸਿੰਘ ਚੱਬਾ, ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ, ਕੰਧਾਰ ਸਿੰਘ ਭੋਏਵਾਲ, ਸਕੱਤਰ ਸਿੰਘ ਕੋਟਲਾ, ਲਖਵਿੰਦਰ ਸਿੰਘ ਡਾਲ੍ਹਾ, ਬਾਜ ਸਿੰਘ ਸਾਰੰਗੜਾ, ਕੁਲਜੀਤ ਸਿੰਘ ਕਾਲੇਘਣੂਪੁਰ, ਮੰਗਜੀਤ ਸਿੰਘ ਸਿੱਧਵਾਂ, ਸਵਿੰਦਰ ਸਿੰਘ ਰੂਪੋਵਾਲੀ, ਬਲਦੇਵ ਸਿੰਘ ਬੱਗਾ, ਗੁਰਭੇਜ ਸਿੰਘ ਝੰਡੋ, ਸੁਖਦੇਵ ਸਿੰਘ ਚਾਟੀਵਿੰਡ, ਕੰਵਰਦਲੀਪ ਸੈਦੋਲੇਹਲ ਸਮੇਤ ਸਭ ਜ਼ੋਨਾਂ ਦੇ ਪ੍ਰਧਾਨ ਸਕੱਤਰ ਹਾਜ਼ਰ ਰਹ।

ਨੁਕਸਾਨੀ ਫਸਲ ਦਾ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ: ਕੱਕੜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਰਹੱਦੀ ਖੇਤਰ ਵਿੱਚ ਹੋਈ ਬੇਮੌਸਮੀ ਬਰਸਾਤ ਕਾਰਨ ਕਿਸਾਨਾਂ ਦੀ ਫ਼ਸਲ ਦੇ ਹੋਏ ਨੁਕਸਾਨ ਦੀ ਪੰਜਾਬ ਸਰਕਾਰ ਤੁਰੰਤ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਵੇ ਅਤੇ ਕਣਕ ਦੇ ਅੰਸ਼ਕ ਨੁਕਸਾਨ ਵਾਸਤੇ 25 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਅਮਨਦੀਪ ਸਿੰਘ ਕੱਕੜ ਜ਼ਿਲਾ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਨੇ ਕਿਹਾ ਕਿ ਸਭ ਜਾਣਦੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਝੋਨੇ ਦੇ ਸੀਜ਼ਨ ਵਿੱਚ ਵਿਸ਼ੇਸ਼ ਗਿਰਦਾਵਰੀ ਦੇ ਦਿੱਤੇ ਹੁਕਮ ਚਿੱਟਾ ਹਾਥੀ ਸਾਬਤ ਹੋਏ ਹਨ। ਚਾਇਨਾ ਵਾਇਰਸ ਨਾਲ ਝੋਨੇ ਦੀ ਖਰਾਬ ਹੋਈ ਫ਼ਸਲ ਦਾ ਕਿਸਾਨਾਂ ਨੂੰ ਹਾਲੇ ਤੱਕ ਮੁਆਵਜ਼ਾ ਨਹੀਂ ਮਿਲਿਆ। ਸਰਕਾਰ ਦੀ ਕਹਿਣੀ ਅਤੇ ਕਥਨੀ ਵਿੱਚ ਬਹੁਤ ਫ਼ਰਕ ਹੈ। ਇਸ ਬੇਮੌਸਮੀ ਬਰਸਾਤ ਕਾਰਨ ਜੌਂ, ਆਲੂ, ਬਰਸੀਮ, ਸਬਜ਼ੀਆਂ, ਨਵੀਂ ਬੀਜੀ ਮੱਕੀ, ਮੂੰਗੀ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਮੁੱਖ ਮੰਤਰੀ ਪੰਜਾਬ ਦਾ ਕਰੋੜਾਂ ਰੁਪਏ ਆਪਣੀ ਝੂਠੀ ਵਾਹ-ਵਾਹ ਖੱਟਣ ਲਈ ਇਸ਼ਤਿਹਾਰਾਂ 'ਤੇ ਖਰਚ ਕਰ ਰਹੇ ਹਨ ਅਤੇ ਦੂਸਰੇ ਸੂਬਿਆਂ ਦੀਆਂ ਚੋਣਾਂ ਤੇ ਵੀ ਪੰਜਾਬ ਦਾ ਕਰੋੜਾਂ ਰੁਪਿਆ ਖਰਚ ਕੀਤਾ ਜਾ ਰਿਹਾ ਹੈ ਪਰ ਦੇਸ਼ ਦਾ ਪੇਟ ਭਰਨ ਵਾਲੇ ਅੰਨ ਦਾਤਾ ਕਿਸਾਨਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਗਿਆ ਹੈ। ਆਪਣੇ 'ਤੇ ਪੰਜਾਬ ਦਾ ਪੈਸਾ ਖਰਚ ਕਰਨ ਦੀ ਬਜਾਏ ਪੰਜਬ ਸਰਕਾਰ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦੇਵੇ।

ਇਸ ਮੌਕੇ ਉਨ੍ਹਾਂ ਨਾਲ ਬੂਆ ਸਿੰਘ ਸੰਧੂ ਓਐੱਸਡੀ ਸਰਕਾਰੀਆ, ਰਵੀ ਕੁਮਾਰ ਪੀ. ਏ. ਸਰਕਾਰੀਆ, ਐਡਵੋਕੇਟ ਕਸ਼ਮੀਰ ਸਿੰਘ ਮੁਹਾਰ, ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸ਼ਾ ਛੀਨਾ ਆਦਿ ਹਾਜ਼ਰ ਸਨ।

ਸੜਕ ਹਾਦਸੇ ਦਾ ਸ਼ਿਕਾਰ ਹੋਏ ਅਧਿਆਪਕਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ: ਡੀ ਟੀ ਐੱਫ

ਸਮਰਾਲਾ, (ਸੁਰਜੀਤ ਸਿੰਘ)- ਫਾਜ਼ਿਲਕਾ ਜ਼ਿਲ੍ਹੇ ਤੋਂ ਤਰਨਤਾਰਨ ਦੇ ਬਲਾਕ ਵਲਟੋਹਾ 'ਚ ਡਿਊਟੀ 'ਤੇ ਕਰੂਜ਼ਰ ਗੱਡੀ ਰਾਹੀਂ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਦਰਪੇਸ਼ ਭਿਆਨਕ ਹਾਦਸੇ ਕਾਰਨ ਤਿੰਨ ਅਧਿਆਪਕਾਂ ਅਤੇ ਡਰਾਈਵਰ ਦੀ ਮੌਤ ਹੋਣ ਅਤੇ ਕਈਆਂ ਦੇ ਗੰਭੀਰ ਜ਼ਖ਼ਮੀ ਹੋਣ ਨੂੰ ਮੰਦਭਾਗੀ ਘਟਨਾ ਕਰਾਰ ਦਿੰਦੇ ਹੋਏ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀਟੀਐੱਫ) ਪੰਜਾਬ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਡੀਟੀਐੱਫ ਨੇ ਫ਼ੌਤ ਹੋਣ ਵਾਲਿਆਂ ਅਤੇ ਜ਼ਖ਼ਮੀ ਅਧਿਆਪਕਾਂ ਲਈ ਪੰਜਾਬ ਸਰਕਾਰ ਤੋਂ ਢੁੱਕਵੇਂ ਮੁਆਵਜ਼ੇ ਦੇ ਨਾਲ-ਨਾਲ ਇਲਾਜ ਦਾ ਉੱਚ ਪੱਧਰੀ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਹੈ। ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਸੂਬਾ ਜਥੇਬੰਦਕ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਅਤੇ ਪ੍ਰੈੱਸ ਸਕੱਤਰ ਪਵਨ ਕੁਮਾਰ ਮੁਕਤਸਰ ਨੇ ਕਿਹਾ ਕੇ ਪਿੱਤਰੀ ਜ਼ਿਲ੍ਹਿਆਂ ਵਿਚ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਹਜ਼ਾਰਾਂ ਅਧਿਆਪਕਾਂ ਨੂੰ ਦੂਰ-ਦੁਰਾਡੇ ਨੌਕਰੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਨ੍ਹਾਂ ਅਧਿਆਪਕਾਂ ਦੇ ਸੁਰੱਖਿਅਤ ਆਉਣ-ਜਾਣ ਅਤੇ ਰਿਹਾਇਸ਼ ਦਾ ਪ੍ਰਬੰਧ ਜਾਂ ਹੋਰ ਸਹੂਲਤਾਂ ਦੇਣ ਵੱਲ ਵੀ ਸਿੱਖਿਆ ਵਿਭਾਗ ਜਾਂ ਪੰਜਾਬ ਸਰਕਾਰ ਵੱਲੋਂ ਕੋਈ ਧਿਆਨ ਦੇਣ ਦੀ ਥਾਂ ਨਵ-ਨਿਯੁਕਤ ਅਧਿਆਪਕਾਂ ਨੂੰ ਪਰਖ ਸਮੇਂ ਦੀ ਆੜ ਵਿਚ ਪਹਿਲੇ ਤਿੰਨ ਸਾਲ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਤੋਂ ਵੀ ਵਾਂਝੇ ਰੱਖ ਕੇ ਘੱਟ ਤਨਖਾਹਾਂ 'ਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਡੀਟੀਐੱਫ ਨੇ ਫ਼ੌਤ ਹੋਣ ਵਾਲੇ ਅਧਿਆਪਕਾਂ ਦੇ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੁੰਦਿਆਂ ਕਿਹਾ ਕਿ ਇਸ ਹਾਦਸੇ ਕਾਰਨ ਅਧਿਆਪਕ ਭਾਈਚਾਰੇ ਵਿਚ ਭਾਰੀ ਸੋਗ ਦੀ ਲਹਿਰ ਹੈ ਅਤੇ ਅਧਿਆਪਕਾਂ ਵੱਲੋਂ ਇਸ ਹਾਦਸੇ ਦੇ ਪੀੜਤਾਂ ਦੇ ਹੱਕ ਵਿਚ ਹਰ ਸੰਭਵ ਯਤਨ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਸਟੇਟ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸੈਮੀਨਾਰ ਆਯੋਜਿਤ

ਸੰਗਰੂਰ (ਪ੍ਰਵੀਨ ਸਿੰਘ)-ਸਮਾਜ ਸੇਵਾ, ਲੋਕ ਭਲਾਈ ਬਜ਼ੁਰਗਾਂ ਅਤੇ ਪੈਨਸ਼ਨਰਾਂ ਦੀ ਨਰੋਈ ਸਿਹਤ ਅਤੇ ਸਤਿਕਾਰ ਨੂੰ ਸਮਰਪਿਤ ਸਟੇਟ ਸੋਸ਼ਲ ਵੈੱਲਫੇਅਰ ਐਸੋਸੋਏਸ਼ਨ ਜ਼ਿਲ੍ਹਾ ਸੰਗਰੂਰ ਵਲੋਂ ਜ਼ਿਲ੍ਹਾਂ ਪ੍ਰਬੰਧਕੀ ਕੰਪਲੈਕਸ ਵਿਖੇ ਬਜ਼ੁਰਗਾਂ ਦੀ ਨਰੋਈ ਸਿਹਤ ਅਤੇ ਤੰਦਰੁਸਤ ਸਿਹਤ ਲਈ ਸਿਹਤ ਸੈਮੀਨਾਰ ਦਾ ਆਜੋਯਨ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ ਦੀ ਅਗਵਾਈ ਹੇਠ ਸੰਪੰਨ ਹੋਇਆ।

ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਰਵਿੰਦਰ ਸਿੰਘ ਗੁੱਡੂ, ਪ੍ਰੋਫੈਸਰ ਸੁਰੇਸ਼ ਗੁਪਤਾ, ਡਾ. ਚਰਨਜੀਤ ਸਿੰਘ ਉਡਾਰੀ, ਜਗਦੀਸ਼ ਕਾਲੜਾ, ਆਰ. ਐੱਲ. ਪਾਂਧੀ, ਕਰਨੈਲ ਸਿੰਘ ਸੇਖੋਂ, ਵਿਪਨ ਮਲਿਕ, ਜਸਵੀਰ ਸਿੰਘ ਖਾਲਸਾ, ਓ. ਪੀ. ਧਿੰਪਲ, ਸੁਰਿੰਦਰ ਸਿੰਘ ਸੋਢੀ, ਰਾਜ ਕੁਮਾਰ ਬਾਂਸਲ, ਤਿਲਕ ਰਾਜ ਸਤੀਜਾ ਅਤੇ ਜਨਕ ਰਾਜ ਜੋਸ਼ੀ ਹਾਜ਼ਰ ਸਨ। ਅਵਿਨਾਸ਼ ਸ਼ਰਮਾ ਅਤੇ ਅਸ਼ੋਕ ਡੱਲਾ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਕੁਦਰਤੀ ਇਲਾਜ ਪ੍ਰਣਾਲੀ ਦੇ ਮਾਹਿਰ ਅਤੇ ਰਾਜ ਪੁਰਸਕਾਰ ਨਾਲ ਸਨਮਾਨਿਤ ਪ੍ਰਸਿੱਧ ਨੇਚੁਰੋਪੈਥ ਡਾ. ਹਰਪ੍ਰੀਤ ਸਿੰਘ ਭੰਡਾਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ 'ਚ ਬਹੁਤ ਲੋਕ ਮੋਟਾਪੇ ਦਾ ਸ਼ਿਕਾਰ ਹੋ ਚੁੱਕੇ ਹਨ।

ਮੋਟਾਪਾ ਹੋਣ ਦਾ ਮੁੱਖ ਕਾਰਣ ਗਲਤ ਖਾਣ ਪੀਣ, ਜ਼ਿਆਦਾ ਖਾਣਾ ਕਈ ਵਾਰ ਥਾਇਰਾਇਡ ਜਾਂ ਕੋਈ ਬੀਮਾਰੀ ਦਾ ਹੋਣਾ ਵੀ ਹੈ। ਮੋਟਾਪੇ ਦੀ ਸਮੱਸਿਆ ਨੂੰ ਦੂਰ ਕਰਨਾ ਬਹੁਤ ਔਖਾ ਹੋ ਜਾਂਦਾ ਹੈ। ਕਈ ਲੋਕ ਇਸ ਨੂੰ ਘਟਾਉਣ ਅਤੇ ਆਪਣੇ ਆਪ ਨੂੰ ਫਿੱਟ ਰੱਖਣ ਲਈ ਕਈ ਤਰ੍ਹਾਂ ਦੇ ਗੈਰ-ਵਿਗਿਆਨਕ ਢੰਗਾਂ ਦਾ ਸਹਾਰਾ ਲੈਂਦੇ ਹਨ, ਜਿਨ੍ਹਾਂ ਦੇ ਕਈ ਵਾਰ ਬਹੁਤ ਸਾਰੇ ਸਾਈਡ ਇਫੈਕਟ ਵੀ ਹੁੰਦੇ ਹਨ। ਇਨ੍ਹਾਂ ਨੂੰ ਵਰਤਣ ਨਾਲ ਸਰੀਰ ਇੱਕ ਵਾਰ ਤਾਂ ਸਹੀ ਲੱਗਦਾ ਹੈ ਪਰ ਕੁੱਝ ਸਮੇਂ ਬਾਅਦ ਫਿਰ ਮੋਟਾਪਾ ਆ ਜਾਂਦਾ ਹੈ। ਡਾ. ਭੰਡਾਰੀ ਨੇ ਸਮਾਰੋਹ ਵਿੱਚ ਕੁਝ ਅਜਿਹੇ ਨੁਸਖੇ ਦੱਸੇ ਜਿਨ੍ਹਾਂ ਨਾਲ ਮੋਟਾਪੇ ਦੀ ਸਮੱਸਿਆ ਨੂੰ ਸੌਖੇ ਤਰੀਕੇ ਨਾਲ ਦੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੁਦਰਤੀ ਨੁਸਖਿਆਂ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਫਰਕ ਆਪਣੇ ਆਪ ਨਜ਼ਰ ਆਵੇਗਾ।

ਅੱਜ ਦੇ ਇਸ ਸਿਹਤ ਸੈਮੀਨਾਰ ਦੌਰਾਨ ਡਾ. ਹਰਪ੍ਰੀਤ ਸਿੰਘ ਭੰਡਾਰੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਰਿੰਦਰ ਪਾਲ ਸਿੰਘ ਸਿੱਦੀਕੀ, ਸੱਤ ਦੇਵ ਸ਼ਰਮਾ, ਡਾ. ਮਨਮੋਹਨ ਸਿੰਘ, ਮਾਹਿੰਦਰ ਸਿੰਘ ਢੀਂਡਸਾ, ਤਰਸੇਮ ਜਿੰਦਲ, ਅਸ਼ੋਕ ਨਾਗਪਾਲ, ਰਾਜਿੰਦਰ ਗੋਇਲ, ਸੁਰਿੰਦਰ ਪਾਲ, ਰਾਕੇਸ਼ ਕੁਮਾਰ ਗੁਪਤਾ, ਪਵਨ ਸ਼ਰਮਾ, ਨਰੈਣ ਦਾਸ ਗੋਇਲ, ਵੈਦ ਹਾਕਮ ਸਿੰਘ, ਬਲਦੇਵ ਸਿੰਘ ਰਤਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ।

ਵਰਿੰਦਰਜੀਤ ਸਿੰਘ ਬਜਾਜ ਸਹਾਰਾ ਫਾਊਂਡੇਸ਼ਨ ਦੇ ਸਕੱਤਰ ਨਿਯੁਕਤ

ਸੰਗਰੂਰ (ਪ੍ਰਵੀਨ ਸਿੰਘ)-ਸਹਾਰਾ ਫਾਊਂਡੇਸ਼ਨ ਦੇ ਸਰਪ੍ਰਸਤ ਪ੍ਰੋ. ਚਰਨਜੀਤ ਸਿੰਘ ਉਡਾਰੀ, ਚੇਅਰਮੈਨ ਸਰਬਜੀਤ ਸਿੰਘ ਰੋਖੀ ਅਤੇ ਸੀਨੀਅਰ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਗੋਲਡੀ ਵੱਲੋਂ ਸਹਾਰਾ ਫਾਊਂਡੇਸ਼ਨ ਦੇ ਸੀਨੀਅਰ ਮੈਂਬਰ ਵਰਿੰਦਰਜੀਤ ਸਿੰਘ ਬਜਾਜ ਨੂੰ ਉਨ੍ਹਾਂ ਵੱਲੋਂ ਲੋਕ ਸੇਵਾ ਲਈ ਕੀਤੀਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਕਰਕੇ ਸਹਾਰਾ ਫਾਊਂਡੇਸ਼ਨ ਦਾ ਸਕੱਤਰ ਨਿਯੁਕਤ ਕੀਤਾ ਜਾਂਦਾ ਹੈ।

ਸਹਾਰਾ ਫਾਊਂਡੇਸ਼ਨ ਦੇ ਜਨਰਲ ਸਕੱਤਰ ਅਸ਼ੋਕ ਕੁਮਾਰ ਸ਼ਰਮਾ ਅਤੇ ਮੈਡੀਕਲ ਵਿੰਗ ਦੇ ਡਾਇਰੈਕਟਰ ਡਾ. ਦਿਨੇਸ਼ ਗਰੋਵਰ ਨੇ ਬਜਾਜ ਦੀ ਨਿਯੁਕਤੀ ਤੇ ਖੁਸ਼ੀ ਪ੍ਰਗਟ ਕੀਤੀ ਅਤੇ ਦੱਸਿਆ ਕਿ ਬਜਾਜ ਵੱਲੋਂ ਕਰੋਨਾ ਸਮੇਂ ਦੌਰਾਨ ਜ਼ਰੂਰਤਮੰਦਾਂ ਨੂੰ ਰਾਸ਼ਨ ਪਹੁੰਚਾਉਣ, ਟ

26-March-PAGE-7.qxd 3/25/2023 10:24 PM Page 1

ਦੂਰ-ਦੂਰ ਕੀਤੀਆਂ ਨਿਯੁਕਤੀਆਂ ਦੀ ਭੇਟ ਚੜ੍ਹੇ ਅਧਿਆਪਕ : ਜੀ ਟੀ ਯੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਫਾਜ਼ਿਲਕਾ ਤੋਂ ਤਰਨਤਾਰਨ ਜਾ ਰਹੇ ਅਧਿਆਪਕਾਂ ਦੀ ਸੜਕ ਹਾਦਸੇ ਵਿੱਚ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਕਿਹਾ ਹੈ ਕਿ ਅਧਿਆਪਕਾਂ ਦੀਆਂ ਦੂਰ-ਦੁਰਾਡੇ ਕੀਤੀਆਂ ਨਿਯੁਕਤੀਆਂ ਕਾਰਨ ਹੀ ਸਾਡੇ ਅਧਿਆਪਕ ਮੌਤ ਦੇ ਮੂੰਹ ਵਿੱਚ ਚਲੇ ਗਏ, ਉਨ੍ਹਾਂ ਕਿਹਾ ਕਿ ਸਰਕਾਰ ਨੂੰ ਵਾਰ ਵਾਰ ਬੇਨਤੀਆਂ ਕੀਤੀਆਂ ਗਈਆਂ ਕਿ ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਅਧਿਆਪਕਾਂ ਦੀਆਂ ਨਿਯੁਕਤੀਆਂ ਉਨ੍ਹਾਂ ਦੇ ਰਿਹਾਇਸ਼ ਦੇ ਨੇੜਲੇ ਸਥਾਨਾਂ ਤੇ ਹੋਣੀਆਂ ਚਾਹੀਦੀਆਂ ਹਨ ਪਰ ਪਹਿਲੀਆਂ ਸਰਕਾਰਾਂ ਵਾਂਗ ਨਵੀਂ ਬਣੀ ਸਰਕਾਰ ਨੇ ਵੀ ਅਧਿਆਪਕਾਂ ਦੀ ਇਸ ਜਾਇਜ਼ ਮੰਗ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਇਸ ਤਰ੍ਹਾਂ ਕਈ ਅਧਿਆਪਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਸਨ। ਇਸ ਸਮੇਂ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਮੰਗ ਕੀਤੀ ਕਿ ਹਾਦਸੇ ਵਿੱਚ ਮਾਰੇ ਗਏ ਅਧਿਆਪਕਾਂ ਦੇ ਵਾਰਿਸਾਂ ਨੂੰ ਪੰਜਾਬ ਸਰਕਾਰ ਯੋਗ ਮੁਆਵਜ਼ਾ ਦੇਵੇ ਅਤੇ ਪਰਵਾਰ ਦੇ ਇੱਕ ਇੱਕ ਮੈਂਬਰ ਲਈ ਸਰਕਾਰੀ ਨੌਕਰੀ ਦਾ ਪਰਬੰਧ ਕੀਤਾ ਜਾਵੇ ਤੇ ਜ਼ਖਮੀ ਅਧਿਆਪਕਾਂ ਦੇ ਇਲਾਜ਼ ਦਾ ਸਾਰਾ ਖਰਚਾ ਸਰਕਾਰ ਕਰੇ। ਇਸ ਹਾਦਸ਼ੇ ਵਿੱਚ ਜਿਹਨਾਂ ਅਧਿਆਪਕਾਂ ਦੀ ਮੌਤ ਹੋਈ ਉਹਨਾਂ ਵਿੱਚ ਪ੍ਰਿੰਸ ਕੁਮਾਰ ਮੈਥ ਮਾਸਟਰ (ਫਾਜ਼ਿਲਕਾ) ਕੰਚਨ ਅੰਗਰੇਜ਼ੀ ਅਧਿਆਪਕਾ ਫਾਜ਼ਿਲਕਾ, ਮਨਿੰਦਰ ਕੌਰ ਮੈਥ ਮਿਸਟ੍ਰੈਸ ਫਾਜ਼ਿਲਕਾ ਤੇ ਡਰਾਇਵਰ ਅਸ਼ੋਕ ਕੁਮਾਰ ਫਾਜ਼ਿਲਕਾ ਸ਼ਾਮਲ ਹੈ। ਇਸ ਘਟਨਾ ਵਿੱਚ ਟਰੈਕਸ ਗੱਡੀ ਵਿੱਚ ਸਵਾਰ ਬਾਕੀ 10 ਅਧਿਆਪਕ ਵੀ ਗੰਭੀਰ ਜਖ਼ਮੀ ਹੋਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਲੈਕਚਰਾਰ ਅਮਰ ਸਿੰਘ ਅਤੇ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ, ਜੁਆਇੰਟ ਸਕੱਤਰ ਵਿਕਾਸ ਸ਼ਰਮਾ,ਪ੍ਰਿੰਸ ਗੜ੍ਹਦੀਵਾਲਾ,ਅਰਵਿੰਦਰ ਸਿੰਘ ਮਾਹਿਲਪੁਰ,ਪ੍ਰਿੰਸੀਪਲ ਹਰਜੀਤ ਸਿੰਘ ,ਹੈੱਡਮਾਸਟਰ ਸੰਦੀਪ ਸਿੰਘ ,ਬਲਜੀਤ ਕੌਸ਼ਲ,ਲੈਕਚਰਾਰ ਹਰਵਿੰਦਰ ਸਿੰਘ,ਨਰੇਸ਼ ਕੁਮਾਰ ਗੜ੍ਹਸ਼ੰਕਰ, ਸੁਨੀਲ ਕੁਮਾਰ ਸ਼ਰਮਾ,ਸੰਜੀਵ ਧੂਤ,ਗੁਰਨਾਮ ਸਿੰਘ,ਰਜਤ ਮਹਾਜਨ,ਸਚਿਨ ਕੁਮਾਰ,ਸ਼ਾਮ ਸੁੰਦਰ ਕਪੂਰ, ਨਰਿੰਦਰ ਅਜਨੋਹਾ,ਕੇਸ਼ਵ ਦਾਸ ਖੇਪੜ,ਸਤਵਿੰਦਰ ਮਾਹਿਲਪੁਰ, ਸਤੀਸ਼ ਕੁਮਾਰ,ਰਾਜ ਕੁਮਾਰ, ਸੰਦੀਪ ਸ਼ਰਮਾ ਬਾਗਪੁਰ,ਗੁਰਚਰਨ ਸਿੰਘ ਟਾਂਡਾ, ਰਣਵੀਰ ਸਿੰਘ, ਅਨੁਪਮ ਰਤਨ, ਲੈਕਚਰਾਰ ਉਪਿੰਦਰਜੀਤ ਸਿੰਘ, ਸਰਬਜੀਤ ਟਾਂਡਾ, ਨਰਿੰਦਰ ਮੰਗਲ, ਰਾਜੇਸ਼ ਅਰੋੜਾ,ਮਨਜੀਤ ਸਿੰਘ ਮੁਕੇਰੀਆਂ, ਪ੍ਰਿੰਸੀਪਲ ਬਲਵੀਰ ਸਿੰਘ, ਸ਼ਸ਼ੀਕਾਂਤ ਤਲਵਾੜਾ, ਕਮਲਦੀਪ ਸਿੰਘ ਭੂੰਗਾ, ਲੈਕਚਰਾਰ ਸੰਜੀਵ ਕੁਮਾਰ,ਬਲਜੀਤ ਕੌਸ਼ਲ, ਪਵਨ ਗੋਇਲ, ਅਸ਼ੋਕ ਕੁਮਾਰ ਬੁਲੋਵਾਲ, ਮਨੋਜ ਰਤਨ, ਖੁਸ਼ਵੰਤ ਸਿੰਘ ਮੁਕੇਰੀਆਂ, ਜਸਵਿੰਦਰ ਬੁਲੋਵਾਲ, ਜਰਨੈਲ ਸਿੰਘ, ਮਨਵੀਰ ਸਿੰਘ, ਵਰਿੰਦਰ ਕੁਮਾਰ ਵਿੱਕੀ, ਅਮਨਦੀਪ ਸਿੰਘ, ਲੈਕਚਰਾਰ ਹਰਜੀਤ ਸਿੰਘ, ਲੈਕਚਰਾਰ ਸਵਰਨ ਸਿੰਘ, ਜਸਵੰਤ ਸਿੰਘ ਮੁਕੇਰੀਆਂ, ਪਰਸਰਾਮ, ਨਰੇਸ਼ ਕੁਮਾਰ ਮੇਧਾ, ਅਮਰਜੀਤ ਹਾਜੀਪੁਰ, ਗੁਰਵਿੰਦਰ ਜੱਜ ਤੇ ਸੁਰਿੰਦਰ ਕੁਮਾਰ ਕਮਾਹੀ ਦੇਵੀ, ਧਰੁਵ ਰਾਜ, ਨਰੇਸ਼ ਕੁਮਾਰ ਆਦਿ ਹਾਜ਼ਰ ਸਨ।

ਅਮਨ ਅਰੋੜਾ ਨੇ ਪ੍ਰਸ਼ਾਸਕੀ ਸੁਧਾਰ ਤੇ ਜਨ ਸ਼ਿਕਾਇਤ ਨਿਵਾਰਨ ਮੰਤਰੀ ਵਜੋਂ ਸੰਭਾਲਿਆ ਅਹੁਦਾ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਪ੍ਰਸ਼ਾਸਕੀ ਸੁਧਾਰ ਅਤੇ ਜਨ ਸ਼ਿਕਾਇਤ ਨਿਵਾਰਨ (ਡੀ.ਜੀ.ਆਰ.ਐਂਡ.ਪੀ.ਜੀ.) ਮੰਤਰੀ ਵਜੋਂ ਇੱਕ ਹੋਰ ਵਿਭਾਗ ਦਾ ਚਾਰਜ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਤੋਂ ਬਾਅਦ ਅਰੋੜਾ ਨੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਡਾਇਰੈਕਟਰ ਗਿਰੀਸ਼ ਦਿਆਲਨ ਅਤੇ ਵਿਭਾਗ ਦੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲਿਆ। ਇਸ ਦੌਰਾਨ ਪੇਸ਼ਕਾਰੀ ਦਿੰਦੇ ਹੋਏ ਡੀ.ਜੀ.ਆਰ. ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਸੂਬੇ ਵਿੱਚ 535 ਸੇਵਾ ਕੇਂਦਰਾਂ ਰਾਹੀਂ ਲੋਕਾਂ ਨੂੰ ਨਿਰਧਾਰਤ ਸਮੇਂ ਵਿੱਚ 433 ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ (ਪੀ.ਜੀ.ਆਰ.ਐੱਸ.), ਈ-ਆਫਿਸ ਅਤੇ ਸਟੇਟ ਡੀ.ਬੀ.ਟੀ. ਸੈੱਲ ਅਤੇ ਵਿਭਾਗ ਵੱਲੋਂ ਚਲਾਏ ਜਾ ਰਹੇ ਹੋਰ ਪ੍ਰਾਜੈਕਟਾਂ ਬਾਰੇ ਵੀ ਜਾਣਕਾਰੀ ਦਿੱਤੀ। ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੇਵਾ ਕੇਂਦਰਾਂ ਰਾਹੀਂ ਮੁਹੱਈਆ ਕਰਵਾਈਆਂ ਜਾ ਰਹੀਆਂ ਨਾਗਰਿਕ ਸੇਵਾਵਾਂ ਦੇ ਇੱਕ ਸਾਲ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਅਤੇ ਸਭ ਤੋਂ ਮਾੜੀ ਤੇ ਵਧੀਆ ਕਾਰਗੁਜ਼ਾਰੀ ਵਾਲੇ ਜ਼ਿਲ੍ਹਿਆਂ ਬਾਰੇ ਅਤੇ ਸੇਵਾ ਵਿੱਚ ਦੇਰੀ ਕਰਨ ਵਾਲੇ ਮੁਲਾਜ਼ਮਾਂ ਦੀ ਸੂਚੀ ਜਮ੍ਹਾਂ ਕਰਵਾਈ ਜਾਵੇ। ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਪ੍ਰਸ਼ਾਸਨਿਕ ਢਾਂਚੇ ਵਿੱਚ ਹਰ ਪੱਧਰ 'ਤੇ ਹੋਰ ਸੁਧਾਰ ਕਰਨ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਹੋਰ ਜ਼ੋਰਦਾਰ ਢੰਗ ਨਾਲ ਕੰਮ ਕਰਨ ਕਿਹਾ ਤਾਂ ਜੋ ਸੂਚਨਾ ਤੇ ਤਕਨਾਲੋਜੀ ਰਾਹੀਂ ਲੋਕਾਂ ਨੂੰ ਨਿਰਵਿਘਨ, ਪਾਰਦਰਸ਼ੀ ਤੇ ਸੁਖਾਲੇ ਢੰਗ ਨਾਲ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦਾ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ ਤਾਂ ਜੋ ਲੋਕਾਂ ਨੂੰ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਰੋਹ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)- ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਨੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਸ਼ਾਨਦਾਰ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ। ਮੌਜੂਦਾ ਬੈਚ 2023-24 ਦੀਆਂ ਲੜਕੀਆਂ ਅਤੇ ਲੜਕਿਆਂ ਨੇ ਆਪਣੇ ਤੋਂ ਪਹਿਲੇ ਬਾਹਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਜੀਵੰਤ ਅਤੇ ਅਨੰਦਮਈ ਵਿਦਾਇਗੀ ਦੇਣ ਲਈ, ਇਕਜੁੱਟ ਹੋ ਕੇ ਸਮਾਗਮ ਦਾ ਆਯੋਜਨ ਕੀਤਾ। ਸਮਾਗਮ ਦੀ ਸ਼ੁਰੂਆਤ ਚੇਅਰਮੈਨ ਸੁਖਜਿੰਦਰ ਸਿੰਘ ਦੇ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਹਮੇਸ਼ਾ ਖੁੱਲ੍ਹੇ ਦਿਲ ਨਾਲ ਵਿਦਿਆਰਥੀਆਂ ਨੂੰ ਆਪਣੀ ਸਹੀ ਸੇਧ ਪ੍ਰਦਾਨ ਕੀਤੀ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਸਫਲਤਾ ਦੀ ਮਹਾਨ ਸਿਖਰ 'ਤੇ ਦੇਖਣ ਦੀ ਇੱਛਾ ਜਾਹਰ ਕੀਤੀ ਅਤੇ ਸੀਨੀਅਰਜ ਦੀ ਤਾਰੀਫ ਕੀਤੀ ਕਿ ਉਹ ਆਪਣੇ ਆਲੇ ਦੁਆਲੇ ਦੀ ਸਥਿਤੀ ਦੇ ਬਾਵਜੂਦ ਜ਼ਿੰਮੇਵਾਰੀਆਂ ਨੂੰ ਸੁਚਾਰੂ ਢੰਗ ਨਾਲ ਨਿਭਾਉਣ ਅਤੇ ਆਪਣੇ ਜੂਨੀਅਰਾਂ ਲਈ ਇੱਕ ਸ਼ਾਨਦਾਰ ਮਿਸਾਲ ਕਾਇਮ ਕਰ ਰਹੇ ਹਨ। ਉਹਨਾਂ ਨੇ ਉਹਨਾਂ ਨੂੰ ਆਪਣੇ ਪਰਵਾਰ ਅਤੇ ਸਮਾਜ ਦੀਆਂ ਉਮੀਦਾਂ ਨੂੰ ਉਹਨਾਂ ਦੀਆਂ ਆਪਣੀਆਂ ਇੱਛਾਵਾਂ ਨਾਲ ਜੋੜਨ ਬਾਰੇ ਮਦਦਗਾਰ ਸਲਾਹ ਦਿੱਤੀ ਅਤੇ ਉਹਨਾਂ ਨੂੰ ਭਵਿੱਖ ਦੇ ਸਾਰੇ ਯਤਨਾਂ ਵਿੱਚ ਖਸ਼ਸੀ ਅਤੇ ਸਫਲਤਾ ਦੀ ਕਾਮਨਾ ਕਰਦਿਆਂ ਸਮਾਪਤੀ ਕੀਤੀ। ਬਾਰ੍ਹਵੀਂ ਜਮਾਤ (ਬੈਚ 2023-24) ਦੇ ਵਿਦਿਆਰਥੀਆਂ ਨੇ ਵਿਦਾਇਗੀ ਖੇਡਾਂ ਤਿਆਰ ਕੀਤੀਆਂ ਸਨ ਜਿਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਸਾਂਝੇ ਕੀਤੇ ਗਏ ਦੋਸਤੀ ਦੇ ਸਾਲਾਂ ਨੂੰ ਉਜਾਗਰ ਕਰਨ ਲਈ ਇੱਕ ਮੇਡਲੇ ਹੁੰਦਾ ਹੈ। ਪ੍ਰੋਗਰਾਮ ਨੂੰ ਚੇਅਰਮੈਨ ਅਤੇ ਸਟਾਫ ਮੈਂਬਰਾਂ ਦੁਆਰਾ ਯਾਦਗਾਰੀ ਪੇਸ਼ਕਾਰੀ ਦੇ ਨਾਲ ਇਸ ਉਮੀਦ ਨਾਲ ਅੱਗੇ ਵਧਾਇਆ ਗਿਆ ਕਿ ਉਹ ਜ਼ਿੰਦਗੀ ਵਿੱਚ ਵਧੀਆ ਰਹਿਣਗੇ। ਦਿਨ ਦੀ ਚੋਣ ਇੱਕ ਸੋਚ-ਉਕਸਾਉਣ ਵਾਲੀ ਸੀ, ਜੋ ਕਿ ਜੂਨੀਅਰਾਂ ਦੁਆਰਾ ਇੱਕ ਗਤੀਸੀਲ ਡਾਂਸ ਪੇਸ਼ਕਾਰੀ ਨੇ ਇਕੱਠ ਨੂੰ ਆਕਰਸ਼ਤ ਕੀਤਾ। ਲੜਕੀਆਂ ਨੇ ਪੂਰੇ ਸ਼ੋਅ ਨੂੰ ਤੇਜ ਧੜਕਣ ਦਿੰਦੇ ਹੋਏ ਪੱਛਮੀ ਨਾਚਾਂ ਦੇ ਪੈਕ ਦੀ ਅਗਵਾਈ ਕੀਤੀ। ਮੇਜਬਾਨਾਂ ਨੇ ਆਪਣੇ ਹੁਨਰ ਦੇ ਵਿਸਾਲ ਭੰਡਾਰ ਦੇ ਪ੍ਰਦਰਸ਼ਨ ਤੋਂ ਪ੍ਰਭਾਵਿਤ ਹੋ ਕੇ ਡਾਂਸ, ਸੰਗੀਤ ਅਤੇ ਹਾਸੇ ਦੀ ਧੂਮ ਮਚਾ ਦਿੱਤੀ। ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਨੇ ਆਪਣੇ ਪਿਆਰੇ ਵਿਦਿਆਰਥੀਆਂ ਨੂੰ ਨਿੱਘੀ ਅਲਵਿਦਾ ਕਹੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਜਨਤਕ ਜਥੇਬੰਦੀਆਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ

ਮਾਹਿਲਪੁਰ (ਸਫਰੀ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਨਤਕ ਜਥੇਬੰਦੀਆਂ ਵਲੋਂ ਮਾਹਿਲਪੁਰ ਵਿਖੇ ਸ਼ਹੀਦ-ਏ-ਆਜਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਇੱਕ ਸ਼ਰਧਾਂਜਲੀ ਸਮਾਗਮ ਤਲਵਿੰਦਰ ਹੀਰ ਸੰਯੁਕਤ ਕਿਸਾਨ ਮੋਰਚਾ, ਮਲਕੀਤ ਸਿੰਘ ਜੇ ਪੀ.ਐਮ.ਓ, ਨਰਿੰਦਰ ਅਜਨੋਹਾ ਬਲਾਕ ਪ੍ਰਧਾਨ ਪਸਸਫ ਅਤੇ ਪੈਨਸ਼ਨਰ ਆਗੂ ਪ੍ਰਿੰਸੀਪਲ ਪਿਆਰਾ ਸਿੰਘ ਅਤੇ ਸੱਤਪਾਲ ਲੱਠ ਦੀ ਅਗਵਾਈ ਹੇਠ ਕਰਵਾਇਆ ਗਿਆ। ਵੱਖ ਵੱਖ ਆਗੂਆਂ ਵਲੋਂ ਸ਼ਹੀਦਾਂ ਦੀ ਸੋਚ ਨੂੰ ਧਰਾਤਲ 'ਤੇ ਲਾਗੂ ਕਰਵਾਉਣ ਲਈ ਪ੍ਰਣ ਲਿਆ ਗਿਆ। ਆਗੂਆਂ ਵਲੋਂ ਦੇਸ਼ ਅੰਦਰ ਫੈਲ ਰਹੀ ਸਾਮਰਾਜਵਾਦ, ਫਾਸ਼ੀਵਾਦ, ਕਮਿਊਨਲਜਮ ਅਤੇ ਭਗਵਾਂਕਰਨ ਦੀ ਬਿਮਾਰੀ ਫੈਲਣ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਅੱਜ ਦੇ ਸਮੇਂ ਦੀ ਮੁੱਖ ਲੋੜ ਭਾਈਚਾਰਕ ਸਾਂਝ, ਸਮਾਜਵਾਦ, ਧਰਮ-ਨਿਰਪੱਖਤਾ ਅਤੇ ਸਹਿਣਸ਼ੀਲਤਾ ਉਤੇ ਜੋਰ ਦੇਣ ਦੀ ਹੈ। ਸੂਬਾ ਸਰਕਾਰ ਅਤੇ ਕੇਂਦਰੀ ਸਰਕਾਰ ਦੀਆਂ ਨਲਾਇਕੀਆਂ ਕਾਰਨ ਮਹਿੰਗਾਈ, ਭ੍ਰਿਸ਼ਟਾਚਾਰ, ਕਿਸਾਨੀ ਕਰਜਾ, ਬੇਰੁਜ਼ਗਾਰੀ , ਬਿਗੜ ਰਹੀ ਕਾਨੂੰਨ ਵਿਵਸਥਾ ਅਤੇ ਹੋਰ ਵੀ ਕਈ ਸਮੱਸਿਆਵਾਂ ਨਾਲ ਆਮ ਲੋਕਾਂ ਦਾ ਜੀਵਨ ਡਾਂਵਾਡੋਲ ਹੋ ਰਿਹਾ ਹੈ। ਆਗੂਆਂ ਵਲੋਂ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦੇ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ।

ਇਸ ਮੌਕੇ ਮੱਖਣ ਲੰਗੇਰੀ, ਅਮਰਜੀਤ ਕੁਮਾਰ, ਬਲਜਿੰਦਰ ਮਾਨ, ਪਰਮਜੀਤ ਕਾਤਬ, ਸਗਲੀ ਰਾਮ, ਮਹਿੰਦਰ ਪਾਲ, ਵਿਕੀ ਕਹਾਰਪੁਰੀ, ਜਗਤਾਰ ਬਾਹੋਵਾਲ, ਜਸਵੀਰ ਸਿੰਘ ਸ਼ੀਰਾ, ਧਿਆਨ ਸਿੰਘ ਜੌਹਲ, ਗੁਰਨਾਮ ਚੰਦ, ਟੇਕ ਚੰਦ, ਬਲਦੇਵ ਰਾਜ ਵਿਰਦੀ, ਸਤਨਾਮ ਸਿੰਘ, ਬਲਦੇਵ ਢੱਕੋਂ, ਭਗਵੰਤ ਰਾਏ, ਕਾਮਰੇਡ ਸੁੱਚਾ ਰਾਮ, ਸੁਰਜੀਤ ਸਿੰਘ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਸ਼ਹੀਦਾਂ ਦੀ ਸੋਚ ਨੂੰ ਸਮਰਪਤ ਲੋਕ ਹਾਜ਼ਰ ਸਨ।

ਬਾਜਵਾ, ਚੌਧਰੀ ਤੇ ਹੋਰ ਸੀਨੀਅਰ ਕਾਂਗਰਸੀ ਆਗੂ ਵੱਖ-ਵੱਖ ਡੇਰਿਆਂ ਵਿਖੇ ਹੋਏ ਨਤਮਸਤਕ

ਜਲੰਧਰ, ਮਾਰਚ (ਸੁਰਿੰਦਰ ਕੁਮਾਰ)-ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਕਾਂਗਰਸ ਦੇ ਉਮੀਦਵਾਰ ਕਰਮਜੀਤ ਕੌਰ ਚੌਧਰੀ ਕਈ ਵਿਧਾਇਕਾਂ, ਸਾਬਕਾ ਵਿਧਾਇਕਾਂ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਸਮੇਤ ਵੱਖ-ਵੱਖ ਡੇਰਿਆਂ ਵਿਖੇ ਨਤਮਸਤਕ ਹੋਏ। ਉਨ੍ਹਾਂ ਨੇ ਡੇਰਾ ਸੱਚਖੰਡ ਬੱਲਾਂ ਵਿਖੇ ਸੰਤ ਬਾਬਾ ਨਿਰੰਜਨ ਦਾਸ ਜੀ, ਡੇਰਾ ਸੰਤ ਬਾਬਾ ਪ੍ਰੀਤਮ ਦਾਸ ਜੀ (ਬਾਬਾ ਜੌੜੇ) ਵਿਖੇ ਸੰਤ ਬਾਬਾ ਨਿਰਮਲ ਦਾਸ ਜੀ ਤੇ ਭਗਵਾਨ ਵਾਲਮੀਕਿ ਯੋਗ ਆਸਰਮ (ਰਹੀਮਪੁਰ) ਵਿਖੇ ਸੰਤ ਬਾਬਾ ਪ੍ਰਗਟ ਨਾਥ ਜੀ ਤੋਂ ਅਸ਼ੀਰਵਾਦ ਲਿਆ ਅਤੇ ਡੇਰਾ ਬਾਬਾ ਮੁਰਾਦ ਸ਼ਾਹ, ਡੇਰਾ ਬਾਬਾ ਲਾਲ ਬਾਦਸ਼ਾਹ ਤੇ ਗੁਰਦੁਆਰਾ ਸ੍ਰੀ ਮਾਲੜੀ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਨਾਲ ਕਾਂਗਰਸ ਵਿਧਾਇਕ ਦਲ ਦੇ ਉਪ ਨੇਤਾ ਡਾ. ਰਾਜ ਕੁਮਾਰ ਚੱਬੇਵਾਲ, ਜਲੰਧਰ ਉੱਤਰੀ ਵਿਧਾਇਕ ਅਵਤਾਰ ਸਿੰਘ ਜੂਨੀਅਰ, ਆਦਮਪੁਰ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਫਿਲੌਰ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ, ਸਾਬਕਾ ਵਿਧਾਇਕ ਕੰਵਲਜੀਤ ਸਿੰਘ ਲਾਲੀ ਤੇ ਚੌਧਰੀ ਸੁਰਿੰਦਰ ਸਿੰਘ ਅਤੇ ਨਕੋਦਰ ਹਲਕੇ ਦੇ ਇੰਚਾਰਜ ਡਾ. ਨਵਜੋਤ ਦਹੀਆ ਹਾਜ਼ਰ ਸਨ। ਕਾਦੀਆਂ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਤੇ ਚੌਧਰੀ ਪਰਵਾਰ ਦਹਾਕਿਆਂ ਤੋਂ ਡੇਰਾ ਸੱਚਖੰਡ ਬੱਲਾਂ ਨਾਲ ਜੁੜੇ ਹੋਏ ਹਨ ਅਤੇ ਇਹ ਮਾਸਟਰ ਗੁਰਥੰਤਾ ਸਿੰਘ ਹੀ ਸਨ, ਜਿਨ੍ਹਾਂ ਨੇ 1976 ਵਿਚ ਬੱਲਾਂ ਵਿਖੇ ਸੰਤ ਹਰੀ ਦਾਸ ਸਤਿਸੰਗ ਹਾਲ ਦਾ ਨੀਂਹ ਪੱਥਰ ਰੱਖਿਆ ਸੀ, ਪਰ ਹੁਣ ਨਵੀਂ ਬਣੀ 'ਆਪ' ਪਾਰਟੀ ਤੇ ਸਰਕਾਰ ਦੇ ਸਿਆਸੀ ਮੌਕਾਪ੍ਰਸਤ ਆਗੂ ਜਲੰਧਰ ਦੀ

26-MAR-PAGE-8.qxd 3/25/2023 10:20 PM Page 1

ਬਕੈਣ ਵਾਲਾ 'ਚ ਵਾਵਰੋਲੇ ਦਾ ਰੂਪ ਲੈ ਕੇ ਆਈ ਕੁਦਰਤੀ ਆਫਤ

■ ਬੇਮੌਸਮੀ ਬਾਰਿਸ਼ ਤੇ ਤੇਜ਼ ਹਨੇਰੀ ਕਾਰਨ ਫਸਲਾਂ ਜ਼ਮੀਨ 'ਤੇ ਵਿਛੀਆਂ ■ ਕਿਸਾਨਾਂ ਨੇ ਸਰਕਾਰ ਤੋਂ ਕੀਤੀ ਮੁਆਵਜ਼ੇ ਦੀ ਮੰਗ

ਫਾਜ਼ਿਲਕਾ

ਬਾਘਾ ਪੁਰਾਣਾ

ਤਪਾ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਸ਼ੁੱਕਰਵਾਰ ਨੂੰ ਫਾਜ਼ਿਲਕਾ ਦੇ ਪਿੰਡ ਬਕੈਣ ਵਾਲਾ 'ਚ ਕੁਦਰਤੀ ਆਫਤ ਵਾਅ ਵਰੋਲੇ ਦਾ ਰੂਪ ਲੈ ਕੇ ਆਈ, ਜਿਸ ਕਾਰਨ ਕਈ ਲੋਕਾਂ ਦੇ ਘਰਾਂ ਦੀਆਂ ਛੱਤਾਂ ਉੱਡ ਗਈਆਂ ਤੇ ਦਰਜਨ ਦੇ ਕਰੀਬ ਲੋਕ ਜ਼ਖਮੀ ਹੋ ਗਏ। ਇਸ ਤੋਂ ਇਲਾਵਾ ਸੈਂਕੜੈ ਏਕੜ ਕਣਕ ਦੀ ਫਸਲ ਤਾਂ ਪੂਰੀ ਤਰ੍ਹਾਂ ਜ਼ਮੀਨ 'ਤੇ ਵਿਛ ਗਈ, ਜਿਸ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਗਿਆ। ਵਾਅ ਵਰੋਲੇ ਦੇ ਕਹਿਰ ਤੋਂ ਲੋਕ ਅਜੇ ਉੱਭਰੇ ਹੀ ਨਹੀਂ ਸਨ ਕਿ ਬੀਤੀ ਰਾਤ ਆਈ ਭਾਰੀ ਬਾਰਿਸ਼ ਨੇ ਕਿਸਾਨਾਂ ਦੀਆਂ ਫਸਲਾਂ ਦਾ ਕਾਫੀ ਨੁਕਸਾਨ ਕਰ ਦਿੱਤਾ। ਫਾਜ਼ਿਲਕਾ ਦੇ ਬਾਕੀ ਥਾਵਾਂ ਤੋਂ ਇਲਾਵਾ ਸਰਹੱਦੀ ਪਿੰਡਾਂ 'ਚ ਕਣਕ ਦੀਆਂ ਫਸਲਾਂ ਜ਼ਮੀਨ 'ਤੇ ਵਿਛ ਗਈਆਂ, ਜਿਸ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾ ਗਏ ਹਨ। ਕਿਸਾਨਾਂ ਵੱਲੋਂ ਸਰਕਾਰ ਤੋਂ ਉਨ੍ਹਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਲਈ ਉੱਚਿਤ ਮੁਆਵਜ਼ੇ ਦੀ ਮੰਗ ਕੀਤੀ ਜਾ ਰਹੀ ਹੈ। ਕਿਸਾਨ ਸਤਨਾਮ ਸਿੰਘ ਵਾਸੀ ਪਿੰਡ ਝੰਗੜ ਭੈਣੀ, ਸੁਲੱਖਣ ਸਿੰਘ, ਵਰਿੰਦਰ ਸਿੰਘ ਵਾਸੀ ਪਿੰਡ ਰਾਮ ਸਿੰਘ ਭੈਣੀ ਤੇ ਹੋਰਨਾਂ ਕਿਸਾਨਾਂ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਉਨ੍ਹਾਂ ਦੀ ਕਣਕ ਦੀ ਫਸਲ ਤਿਆਰ ਹੋ ਰਹੀ ਸੀ ਤੇ ਕੁੱਝ ਕੁ ਦਿਨਾਂ 'ਚ ਪੂਰੀ ਤਰ੍ਹਾਂ ਪੱਕ ਕੇ ਤਿਆਰ ਹੋ ਜਾਣੀ ਸੀ, ਪਰ ਬੀਤੀ ਰਾਤ ਆਈ ਤੇਜ਼ ਬਾਰਿਸ਼, ਗੜ੍ਹੇਮਾਰੀ ਤੇ ਹਨੇਰੀ ਕਾਰਨ ਇਲਾਕੇ ਦੀ ਸੈਂਕੜੈ ਏਕੜ ਕਣਕ ਦੀ ਫਸਲ ਨੁਕਸਾਨੀ ਗਈ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਝੰਗੜ ਭੈਣੀ, ਰੇਤੇ ਵਾਲੀ ਭੈਣੀ, ਰਾਮ ਸਿੰਘ ਭੈਣੀ, ਮਹਾਤਮ ਨਗਰ, ਦੋਨਾਂ ਨਾਨਕਾ, ਤੇਜਾ ਰੁਹੇਲਾ ਆਦਿ ਪਿੰਡਾਂ ਦੀ 3 ਹਜ਼ਾਰ ਏਕੜ ਤੋਂ ਵੀ ਵੱਧ ਫਸਲ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਜਿੱਥੇ ਉਨ੍ਹਾਂ ਨੂੰ ਆਪਣੀ ਫਸਲ ਤਿਆਰ ਹੋਣ ਤੋਂ ਬਾਅਦ 60 ਮਣ ਪ੍ਰਤੀ ਏਕੜ ਹੋਣ ਦੀ ਉਮੀਦ ਸੀ, ਪਰ ਹੁਣ ਉਹੀ ਫਸਲ 20 ਮਣ ਦੇ ਕਰੀਬ ਹੋਣ ਦੀ ਉਮੀਦ ਹੈ, ਜਿਸ ਕਾਰਨ ਉਨ੍ਹਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫਿਰ ਗਿਆ ਹੈ। ਉਨ੍ਹਾਂ ਨੇ ਸਰਕਾਰ ਤੋਂ ਪ੍ਰਤੀ ਏਕੜ 25 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ ਤਾਂ ਜੋ ਉਨ੍ਹਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ। ਇਸ ਦੇ ਨਾਲ ਹੀ ਕੁੱਝ ਕਿਸਾਨਾਂ ਨੇ ਇਹ ਵੀ ਕਿਹਾ ਕਿ ਪਿਛਲੇ ਸਮੇਂ ਦੌਰਾਨ ਉਨ੍ਹਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ। ਬਹੁਤੇ ਕਿਸਾਨਾਂ ਵੱਲੋਂ ਵਾਰ ਵਾਰ ਸਰਕਾਰੀ ਦਫਤਰਾਂ ਦੇ ਚੱਕਰ ਲਗਾਉਣ ਦੇ ਬਾਵਜੂਦ ਵੀ ਉਨ੍ਹਾਂ ਦੇ ਹੱਥ ਕੁਝ ਨਹੀਂ ਲੱਗਿਆ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਤਾਂ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਦਾ ਕੋਈ ਮੁੱਲ ਨਹੀਂ ਪਾਇਆ, ਪਰ ਹੁਣ ਮੌਜੂਦਾ ਸਰਕਾਰ ਤੋਂ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਉਹ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਵੇਗੀ।

ਬਾਘਾ ਪੁਰਾਣਾ (ਮਨੀ ਸਿੰਗਲਾ) : ਪਿਛਲੇ ਦਿਨੀਂ ਤੇ ਬੀਤੀ ਰਾਤ ਮਾਲਵਾ ਖਿੱਤੇ 'ਚ ਵਧੀਆਂ ਤੇਜ਼ ਹਵਾਵਾਂ, ਹਨੇਰ ਝੱਖੜ ਤੇ ਤੇਜ਼ ਮੀਂਹ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਖ਼ੇਤਾਂ ਵਿੱਚ ਡਿੱਗੀਆਂ ਕਣਕਾਂ ਦੇਖ ਖ਼ੇਤਾਂ ਦੇ 'ਪੁੱਤਾਂ' ਦੀਆਂ ਅੱਖਾਂ ਵਿੱਚ ਅਥਰੂਆਂ ਦਾ ਵਹਿਣ ਵਹਿ ਰਿਹਾ ਹੈ। ਭਾਵੇਂ ਖ਼ੇਤੀ ਮਾਹਰਾਂ ਨੇ ਮਹਿਜ਼ 5 ਤੋਂ 7 ਫ਼ੀਸਦੀ ਕਣਕਾਂ ਡਿੱਗਣ ਦੀ ਮੋਗਾ ਜ਼ਿਲ੍ਹੇ ਵਿੱਚ ਪੁਸ਼ਟੀ ਕੀਤੀ ਹੈ, ਪ੍ਰੰਤੂ ਜ਼ਮੀਨੀ ਹਕੀਕਤ ਸਰਕਾਰੀ ਦਾਅਵਿਆਂ ਨਾਲ ਰੱਤੀ ਭਰ ਵੀ ਮੇਲ ਖਾਂਦੀ ਨਜ਼ਰ ਨਹੀਂ ਆ ਰਹੀ ਹੈ, ਕਿਉਂਕਿ ਖ਼ੇਤਾਂ ਦਾ ਅਸਲੀਅਤ ਅੰਕੜਾ ਕਿਸਾਨਾਂ ਦਾ ਅਸਲ ਦਰਦ ਬਿਆਨ ਕਰ ਰਿਹਾ ਹੈ। ਕਿਸਾਨ ਦੱਸਦੇ ਹਨ ਕਿ ਜਦੋਂ ਮਾਰਚ ਮਹੀਨੇ ਦੇ ਦੂਜੇ ਹਫ਼ਤੇ ਮਗਰੋਂ ਬਾਰਸ਼ ਪੈਂਦੀ ਹੈ ਤਾਂ ਇਹ ਨਿਸਚਿਤ ਹੁੰਦਾ ਹੈ ਕਿ ਥੋੜ੍ਹਾ ਬਹੁਤਾ ਕਣਕ ਦੀਆਂ ਫ਼ਸਲਾਂ ਦਾ ਨੁਕਸਾਨ ਹੁੰਦਾ ਹੈ, ਪ੍ਰੰਤੂ ਐਤਕੀਂ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਬਾਰਸ਼ ਵੀ ਜ਼ਿਆਦਾ ਪਈ ਹੈ ਤੇ ਇਸ ਦੇ ਨਾਲ ਹੀ ਚੱਲੀਆਂ ਤੇਜ਼ ਹਵਾਵਾਂ ਨੇ ਕਿਸਾਨਾਂ ਦੀਆਂ ਫ਼ਸਲਾਂ ਧਰਤੀ 'ਤੇ ਵਿਛਾ ਦਿੱਤੀਆਂ ਹਨ, ਜਿਸ ਨਾਲ ਕਣਕ ਦੇ ਨਾਲ ਨਾਲ ਮੂੰਗੀ, ਆਲੂ, ਹਰਾ ਚਾਰਾ ਤੇ ਹੋਰ ਕਈ ਫਸਲਾਂ ਤਬਾਹ ਹੋ ਗਈਆਂ ਹਨ। ਇਕ ਹੋਰ ਕਿਸਾਨ ਰਛਪਾਲ ਗਿੱਲ ਦਾ ਦੱਸਣਾ ਸੀ ਕਿ ਐਤਕੀਂ ਮੁੱਢਲੇ ਪੜਾਅ ਤੋਂ ਲੈ ਕੇ ਪੱਕਣ ਲੱਗੀ ਕਣਕ ਤੱਕ ਕਿਸੇ ਵੀ ਬਿਮਾਰੀ ਦਾ ਜ਼ਿਆਦਾ ਹਮਲਾ ਨਾ ਹੋਣ ਕਰਕੇ ਕਿਸਾਨਾਂ ਨੂੰ ਆਸ ਐਤਕੀਂ ਕਣਕ ਦਾ ਝਾੜ 'ਬੰਪਰ' ਹੋਵੇਗਾ, ਪ੍ਰੰਤੂ ਮੀਂਹ ਨੇ ਕਿਸਾਨਾਂ ਦੀਆਂ ਸਾਰੀਆਂ ਸੱਧਰਾਂ ਮਿੱਟੀ ਕਰ ਦਿੱਤੀਆਂ ਹਨ। ਪ੍ਰਭਾਵਿਤ ਕਿਸਾਨਾਂ ਨੇ ਪੰਜਾਬ ਸਰਕਾਰ ਨੂੰ ਤੁਰੰਤ ਕਿਸਾਨਾਂ ਦੀਆਂ ਫ਼ਸਲਾ ਦੇ ਨੁਕਸਾਨ ਦੀ ਭਰਪਾਈ ਕਰਨ ਦੀ ਮੰਗ ਕੀਤੀ ਹੈ।

ਤਪਾ ਮੰਡੀ (ਅਰੁਣ ਗੋਇਲ) : ਬੀਤੇ ਕੱਲ੍ਹ ਤੋਂ ਪੰਜਾਬ ਅੰਦਰ ਪੈ ਰਹੇ ਮੀਂਹ ਦੌਰਾਨ ਚੱਲੀ ਹਨੇਰੀ-ਝੱਖੜ ਨੇ ਕਿਸਾਨਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ।

ਕਿਸਾਨ ਬਿੰਦਰ ਸਿੰਘ, ਮੁਖਤਿਆਰ ਸਿੰਘ, ਤੇਜਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਵਿੱਚ ਕਣਕ ਦੀ ਫ਼ਸਲ ਨੂੰ ਤੇਜ਼ ਹਨੇਰੀ ਝੱਖੜ ਨੇ ਧਰਤੀ 'ਤੇ ਵਿਛਾ ਕੇ ਰੱਖ ਦਿੱਤਾ ਹੈ। ਹੁਣ ਕਣਕ ਦੀ ਫਸਲ ਪੱਕ ਕੇ ਪੂਰੀ ਤਰ੍ਹਾਂ ਤਿਆਰ ਕਾਰਨ ਉਹ ਦੁਬਾਰਾ ਖੜੀ ਵੀ ਨਹੀਂ ਹੋ ਸਕਦੀ, ਜਿਸ ਦੇ ਚੱਲਦਿਆਂ ਵਾਢੀ ਦੌਰਾਨ ਹੁਣ ਸਾਰੀ ਫਸਲ ਕਿਸਾਨਾਂ ਦੇ ਹੱਥ ਵਿੱਚ ਨਹੀਂ ਆਵੇਗੀ, ਕਿਉਂਕਿ ਕਟਾਈ ਦੌਰਾਨ ਜੋ ਫਸਲ ਰਹਿ ਜਾਂਦੀ ਹੈ, ਉਹ ਕਿਸਾਨਾਂ ਦੇ ਹੱਥ ਨਹੀਂ ਲੱਗਦੀ ਤੇ ਝਾੜ ਘੱਟ ਜਾਂਦਾ ਹੈ, ਜਿਸ ਕਾਰਨ ਕਿਸਾਨਾਂ ਦਾ ਆਰਥਿਕ ਪੱਖ ਤੋਂ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ ਰਾਤ ਤੋਂ ਹੋ ਰਹੀ ਵਰਖਾ ਨਾਲ ਸ਼ਹਿਰ 'ਚ ਜਲ-ਥਲ ਹੋ ਗਿਆ ਤੇ ਨੀਵੇਂ ਥਾਵਾਂ 'ਤੇ ਪਾਣੀ ਖੜਨ ਕਾਰਨ ਮੰਡੀ ਨਿਵਾਸੀਆਂ ਨੂੰ ਆਉਣ-ਜਾਣ 'ਚ ਦਿੱਕਤਾਂ ਆ ਰਹੀਆਂ ਹਨ। ਅਨਾਜ ਮੰਡੀ 'ਚ ਪਾਣੀ ਖੜਨ ਕਾਰਨ ਦੁਕਾਨਦਾਰਾਂ ਨੇ ਮੰਡੀ ਦਾ ਮੁੱਖ ਗੇਟ ਬੰਦ ਕਰ ਦਿੱਤਾ ਤਾਂ ਕਿ ਆਉਣ-ਜਾਣ ਵਾਲੇ ਹੈਵੀ ਵਹੀਕਲਾਂ ਦੀ ਐਂਟਰੀ ਨਾ ਹੋਵੇ।

ਨਾਇਬ ਤਹਿਸੀਲਦਾਰ ਦੀ ਟੀਮ ਵੱਲੋਂ ਫਸਲਾਂ ਦਾ ਜਾਇਜ਼ਾ

ਸਰਕਾਰ 40 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਵੇ : ਗਾਜੇਵਾਲ

ਬਰੇਟਾ (ਗੀਤਵਾਲ, ਗੋਬਿੰਦ ਸ਼ਰਮਾ)-ਬੇਮੌਸਮੀ ਬਾਰਿਸ਼ ਤੇ ਭਾਰੀ ਗੜੇਮਾਰੀ ਕਾਰਨ ਕਣਕ ਦੀ ਫਸਲ ਦੇ ਖਰਾਬੇ ਦੀ ਜਾਂਚ ਕਰਨ ਲਈ ਡਿਪਟੀ ਕਮਿਸ਼ਨਰ ਮਾਨਸਾ ਵੱਲੋਂ ਤੁਰੰਤ ਨਰੀਖਣ ਟੀਮ ਦਾ ਗਠਨ ਕਰ ਦਿੱਤਾ ਗਿਆ ਹੈ, ਜਿਸ ਅਧੀਨ ਬੁਢਲਾਡਾ ਹਲਕੇ ਦੇ ਨਾਇਬ ਤਹਿਸੀਲਦਾਰ ਬਲਕਾਰ ਸਿੰਘ ਦੀ ਅਗਵਾਈ ਹੇਠ ਹਲਕੇ ਦੇ 86 ਪਿੰਡ, 4 ਕਾਨਗੋ ਅਧੀਨ ਪੈਂਦੇ ਰਕਬਿਆਂ ਦਾ ਨਰੀਖਣ ਕਰਦਿਆਂ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਕਈ ਪਿੰਡਾਂ 'ਚ ਫਸਲ ਉੱਪਰ ਗੜਿਆਂ ਦੀ ਬਾਛੜ ਕਾਰਨ ਨੁਕਸਾਨ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾ ਦੱਸਿਆ ਕਿ ਗਾਮੀਵਾਲਾ, ਹਾਕਮਵਾਲਾ, ਬੋਹਾ, ਭੀਮੜਾ, ਰਿਉਂਦ ਇਲਾਕੇ 'ਚ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ, ਉਥੇ ਕੁਲਾਣਾ, ਫੁੱਲੂਵਾਲਾ, ਮੰਡੇਰ, ਸੈਦੇਵਾਲਾ, ਦਰੀਆਪੁਰ ਪਿੰਡਾਂ 'ਚ ਵੀ ਪਟਵਾਰੀ ਪੜਤਾਲ ਕਰ ਰਹੇ ਹਨ। ਨਾਇਬ ਤਹਿਸੀਲਦਾਰ ਨੇ ਦੱਸਿਆ ਕਿ ਮੁੱਢਲੇ ਪੱਧਰ 'ਤੇ ਨੁਕਸਾਨ ਦੇ ਜਾਇਜ਼ੇ ਲਈ ਹਰ ਪਟਵਾਰੀ ਨੂੰ ਰਿਪੋਰਟ ਦੇਣ ਦੀ ਹਦਾਇਤ ਕੀਤੀ ਗਈ ਹੈ। ਪਿੰਡ ਕੁਲਾਣਾ ਦੇ ਗੁਰਸੇਵਕ ਸਿੰਘ ਕਿਸਾਨ ਨੇ ਭਰੇ ਮਨ ਨਾਲ ਦੱਸਿਆ ਕਿ ਉਨ੍ਹਾਂ ਦੀ 2 ਏਕੜ ਫਸਲ ਬੁਰੀ ਤਰ੍ਹਾਂ ਨੁਕਸਾਨ ਹੋਣ ਕਾਰਨ ਉਹ ਬਰਬਾਦੀ ਦੇ ਆਲਮ ਤੇ ਪੁੱਜ ਚੁੱਕਾ ਹੈ। ਉਨ੍ਹਾ ਸਰਕਾਰ ਤੋਂ ਮੰਗ ਕੀਤੀ ਕਿ ਉਸ ਨੂੰ ਤੁਰੰਤ ਯੋਗ ਮੁਆਵਜ਼ਾ ਦਿੱਤਾ ਜਾਵੇ। ਓਧਰ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ ਗੱਗੀ ਨੇ ਆਪਣੀ ਟੀਮ ਨਾਲ ਪਿੰਡਾਂ ਦਾ ਦੌਰਾ ਕਰਦਿਆਂ ਦੱਸਿਆ ਕਿ ਗੜੇਮਾਰੀ ਕਾਰਨ ਕਣਕ ਦੇ ਨਾਲ ਨਾਲ ਹਰਾ, ਚਾਰਾ, ਸਰ੍ਹੋਂ, ਸਬਜ਼ੀਆਂ ਦੀ ਫਸਲ ਦਾ 100 ਫਸੀਦੀ ਨੁਕਸਾਨ ਦੇਖਣ ਨੂੰ ਮਿਲ ਰਿਹਾ ਹੈ। ਬੁਢਲਾਡਾ ਹਲਕੇ ਅੰਦਰ 70 ਫਸੀਦੀ ਕਣਕ ਦਾ ਰਕਬਾ ਨੁਕਸਾਨ ਨਾਲ ਪ੍ਰਭਾਵਿਤ ਹੋਇਆ ਹੈ। ਉਨ੍ਹਾ ਕਿਹਾ ਕਿ ਇਸ ਤੋਂ ਪਹਿਲਾ ਨਰਮੇ ਦੀ ਖੇਤੀ ਤੇ ਸੁੰਢੀ ਦੇ ਮਾਰ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾ ਕਿਹਾ ਕਿ ਸਰਕਾਰ 40 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤੁਰੰਤ ਮੁਆਵਜ਼ਾ ਦੇਵੇ। ਇਸ ਮੌਕੇ ਪਿੰਡਾਂ 'ਚ ਖਰਾਬੇ ਦਾ ਜਾਇਜ਼ਾ ਲੈਣ ਸਮੇਂ ਭਾਰਤੀ ਕਿਸਾਨ ਯੂਨੀਅਨ ਤੋਂ ਇਲਾਵਾ ਮੇਵਾ ਸਿੰਘ ਕੁਲਾਣਾ, ਜਸਵਿੰਦਰ ਸਿੰਘ ਦਰੀਆਪੁਰ, ਰਾਜਵਿੰਦਰ ਸਿੰਘ ਦਰੀਆਪੁਰ, ਮੇਜਰ ਸਿੰਘ, ਗੁਰਸੇਵਕ ਸਿੰਘ, ਸਾਧੂ ਸਿੰਘ ਆਦਿ ਹਾਜ਼ਰ ਸਨ।

ਕਾਤਰਾਂ

ਗਿਆਨ ਸਾਗਰ ਸਕੂਲ ਵੱਲੋਂ ਅਫਵਾਹਾਂ ਦਾ ਖੰਡਨ

ਬਰੇਟਾ (ਗੋਬਿੰਦ ਸ਼ਰਮਾ)-ਨੇੜੇ ਦੇ ਪਿੰਡ ਕਾਹਨਗੜ੍ਹ ਵਿੱਚ ਸਥਿਤ ਗਿਆਨ ਸਾਗਰ ਸਕੂਲ ਵੱਲੋਂ ਸੋਸ਼ਲ ਮੀਡੀਆ ਉੱਤੇ ਸਕੂਲ ਦੀ ਮਾਨਤਾ ਤੇ ਜੁਰਮਾਨੇ ਸਬੰਧੀ ਅਫਵਾਹਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਇਹ ਸਿਰਫ ਸਕੂਲ ਦੇ ਫਾਇਰ ਤੇ ਬਿਲਡਿੰਗ ਸੇਫਟੀ ਸਰਟੀਫਿਕੇਟ ਲੇਟ ਹੋਣ ਕਰਕੇ ਗਿਆਨ ਸਾਗਰ ਕਾਨਵੈਂਟ ਸਕੂਲ ਨੂੰ ਜੁਰਮਾਨੇ ਦਾ ਨੋਟਿਸ ਜਾਰੀ ਹੋਇਆ ਸੀ, ਜੋ ਕਿ ਹੁਣ ਸਕੂਲ ਵੱਲੋਂ ਸਾਰੇ ਸਰਟੀਫਿਕੇਟ ਜਮ੍ਹਾਂ ਕਰਵਾ ਦਿੱਤੇ ਗਏ ਹਨ। ਇਸ ਕਰਕੇ ਜੁਰਮਾਨਾ ਵੀ ਹੁਣ ਸਕੂਲ ਨੂੰ ਭਰਨ ਦੀ ਲੋੜ ਨਹੀਂ ਹੈ। ਸਕੂਲ ਮੁਖੀ ਨੇ ਕਿਹਾ ਕਿ ਉਹ ਹਮੇਸ਼ਾ ਹੀ ਬੱਚਿਆਂ ਦੇ ਸਰਬ-ਪੱਖੀ ਵਿਕਾਸ ਲਈ ਯਤਨਸ਼ੀਲ ਹਨ, ਨਾਲ ਹੀ ਉਨ੍ਹਾਂ ਸੋਸ਼ਲ ਮੀਡੀਆ 'ਤੇ ਝੂਠੀਆਂ ਅਫਵਾਹਾਂ ਫੈਲਾਉਣ ਵਾਲੇ ਅਨਸਰਾਂ ਤੋਂ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ।

ਸ਼ਹੀਦੀ ਦਿਹਾੜੇ ਨੂੰ ਸਮਰਪਤ ਪ੍ਰੋਗਰਾਮ ਅੱਜ

ਧੂਰੀ (ਸੁਖਦੇਵ ਧੂਰੀ)-ਸਾਹਿਤ ਸਭਾ ਧੂਰੀ (ਰਜਿ:) ਸੋਖੋਂ ਵੱਲੋਂ 26 ਮਾਰਚ ਦਿਨ ਐਤਵਾਰ ਨੂੰ ਮਾਲਵਾ ਖਾਲਸਾ ਸੀ: ਸੈਕੰ: ਸਕੂਲ ਵਿਖੇ ਸੁਰਿੰਦਰ ਸ਼ਰਮਾ ਨਾਗਰਾ ਦੀ ਪ੍ਰਧਾਨਗੀ ਹੇਠ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਪ੍ਰੋਗਰਾਮ ਵਿੱਚ ਪੁਸਤਕ ਲੋਕ ਅਰਪਣ, ਵਿਚਾਰ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਸਮਾਗਮ 'ਚ ਉਸਤਾਦ ਗਜ਼ਲਗੋ ਰਣਜੀਤ ਸਿੰਘ ਧੂਰੀ ਦੀ ਪੁਸਤਕ " ਵਿਹਾਰਕ ਪੰਜਾਬੀ ਵਿਆਕਰਨ" ਲੋਕ ਅਰਪਣ ਕੀਤੀ ਜਾਵੇਗੀ ਤੇ ਮਹੀਨਾਵਾਰ ਕਵੀ ਦਰਬਾਰ ਹੋਵੇਗਾ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੋਖੋਂ ਹੋਣਗੇ।

ਗੁਰਮਤਿ ਸਮਾਗਮ ਅੱਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਮੂਹ ਸ਼੍ਰੋਮਣੀ ਭਗਤਾਂ ਦੀ ਯਾਦ ਤੇ ਖਾਲਸੇ ਦੇ ਪ੍ਰਗਟ ਦਿਹਾੜੇ (ਵਿਸਾਖੀ) ਨੂੰ ਸਮਰਪਤ ਗੁਰੂ ਨਾਨਕ ਭਲਾਈ ਐਂਡ ਵੈੱਲਫੇਅਰ ਸੁਸਾਇਟੀ ਫਿਰੋਜ਼ਪੁਰ ਵੱਲੋਂ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਜੱਜਾਂ ਧਰਮਸ਼ਾਲਾ ਭਾਈ ਮੋਤੀ ਰਾਮ, ਕੰਬੋਜ ਨਗਰ ਫਿਰੋਜ਼ਪੁਰ ਸ਼ਹਿਰ ਵਿਖੇ 26 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਆਗੂਆਂ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਵਿਦਵਾਨ ਹਾਜ਼ਰੀ ਭਰਨਗੇ। ਇਸ ਮੌਕੇ ਆਯੁਰਵੈਦਿਕ ਦਵਾਈਆਂ ਦਾ ਕੈਂਪ 3 ਵਜੇ ਤੋਂ 7 ਵਜੇ ਤੱਕ ਲਗਾਇਆ ਜਾਵੇਗਾ ਤੇ ਦਵਾਈਆਂ ਫਰੀ ਦਿੱਤੀਆਂ ਜਾਣਗੀਆਂ।

ਕਿੱਲੋ ਅਫ਼ੀਮ ਸਮੇਤ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਮੰਡੀ ਚੌਕੀ ਦੀ ਪੁਲਸ ਵੱਲੋਂ ਉੱਤਰ ਪ੍ਰਦੇਸ਼ ਮੂਲ ਦੇ ਇੱਕ ਵਿਅਕਤੀ ਨੂੰ ਇੱਕ ਕਿੱਲੋ ਅਫ਼ੀਮ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਵੱਲੋਂ ਕੀਤੇ ਗਏ ਦਾਅਵੇ ਅਨੁਸਾਰ ਸਰਹਿੰਦ ਮੰਡੀ ਚੌਕੀ ਦੀ ਪੁਲਸ ਪਾਰਟੀ ਵੱਲੋਂ ਸਰਹਿੰਦ ਦੇ ਡਿਫੈਂਸ ਬੰਨ੍ਹ ਨਜ਼ਦੀਕ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਮਦਰਾਸੀ ਕਲੋਨੀ ਵੱਲੋਂ ਪੈਦਲ ਤੁਰਿਆ ਆ ਰਿਹਾ ਪ੍ਰੇਮ ਪਾਲ ਵਾਸੀ ਮਿਲਕ ਮਜਾਰਾ ਜ਼ਿਲ੍ਹਾ ਬਰੇਲੀ (ਯੂ.ਪੀ.) ਪੁਲਸ ਪਾਰਟੀ ਨੂ

26-MAR-PAGE-9.qxd 3/25/2023 10:18 PM Page 1

ਗ੍ਰਿਫ਼ਤਾਰ ਕੀਤੇ ਗੋਰਖਾ ਬਾਬਾ ਨੇ ਅੰਮ੍ਰਿਤਪਾਲ ਬਾਰੇ ਕੀਤੇ ਅਹਿਮ ਖੁਲਾਸੇ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਪੁਲਸ ਜ਼ਿਲ੍ਹਾ ਖੰਨਾ ਦੀ ਐੱਸ ਐੱਸ ਪੀ ਅਵਨੀਤ ਕੌਂਡਲ ਆਈ ਪੀ ਐੱਸ ਵੱਲੋਂ ਕਾਨਫਰੰਸ ਕਰਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਸ ਜ਼ਿਲ੍ਹਾ ਖੰਨਾ ਦੇ ਥਾਣਾ ਮਲੌਦ ਅਧੀਨ ਪਿੰਡ ਮਾਂਗੇਵਾਲ ਦੇ ਰਹਿਣ ਵਾਲੇ ਨੌਜਵਾਨ ਤੇਜਿੰਦਰ ਸਿੰਘ ਗਿੱਲ ਉਰਫ਼ ਗੋਰਖਾ ਬਾਬਾ ਅੰਮ੍ਰਿਤਪਾਲ ਦੇ ਅਤਿ ਨਜ਼ਦੀਕੀ ਸਾਥੀਆਂ ਵਿੱਚੋਂ ਇੱਕ ਹੈ। ਖੰਨਾ ਪੁਲਸ ਵੱਲੋਂ ਪਿਛਲੇ ਦਿਨੀਂ ਇਸ ਨੂੰ ਗ੍ਰਿਫ਼ਤਾਰ ਕਰਕੇ ਜਦੋਂ ਪੁੱਛਗਿੱਛ ਕੀਤੀ ਤਾਂ ਪਤਾ ਚੱਲਿਆ ਕਿ ਤੇਜਿੰਦਰ ਸਿੰਘ ਉਰਫ਼ ਗੋਰਖਾ ਬਾਬਾ ਉੱਪਰ ਪਹਿਲਾਂ ਵੀ ਥਾਣਾ ਮਲੌਦ ਵਿੱਚ ਮੁਕੱਦਮੇ ਦਰਜ ਹੋਏ ਸਨ। ਕਿਸਾਨੀ ਸੰਘਰਸ਼ ਦੌਰਾਨ ਤੇਜਿੰਦਰ ਸਿੰਘ ਉਰਫ਼ ਗੋਰਖਾ ਬਾਬਾ ਬਿਕਰਮਜੀਤ ਸਿੰਘ ਖਾਲਸਾ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਸੰਪਰਕ ਵਿੱਚ ਆਇਆ। ਕੋਈ 5 ਮਹੀਨੇ ਪਹਿਲਾਂ ਅੰਮ੍ਰਿਤਪਾਲ ਸਿੰਘ ਵੱਲੋਂ ਤੇਜਿੰਦਰ ਸਿੰਘ ਉਰਫ਼ ਗੋਰਖਾ ਬਾਬਾ ਨੂੰ ਆਪਣੇ ਗੰਨਮੈਨ ਵਜੋਂ ਸ਼ਾਮਲ ਕਰਕੇ ਏ ਕੇ ਐੱਫ ਚਿੰਨ੍ਹ ਵਾਲੇ ਹਥਿਆਰ ਦਿੱਤੇ ਗਏ। ਉਸ ਤੋਂ ਬਾਅਦ ਭਾਈ ਅੰਮ੍ਰਿਤਪਾਲ ਸਿੰਘ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਵਿਖੇ ਨਾਲੇ ਵਿੱਚ ਇੱਕ ਅਸਥਾਈ ਫਾਇਰਿੰਗ ਰੇਂਜ ਬਣਾਇਆ ਗਿਆ ਹੈ, ਜਿੱਥੇ ਵਾਰਸ ਪੰਜਾਬ ਦੇ ਸਾਰੇ ਨਵੇਂ ਸ਼ਾਮਲ ਮੈਂਬਰਾਂ ਨੂੰ ਹਥਿਆਰ ਚਲਾਉਣ, ਹਥਿਆਰਾਂ ਦਾ ਪ੍ਰਬੰਧ ਕਰਨ, ਹਥਿਆਰ ਖੋਲ੍ਹਣ, ਜੋੜਨ ਤੇ ਸਫਾਈ ਕਰਨ ਬਾਰੇ ਸਿਖਲਾਈ ਦਿੱਤੀ ਜਾਂਦੀ ਸੀ। ਤੇਜਿੰਦਰ ਸਿੰਘ ਉਰਫ਼ ਗੋਰਖਾ ਭਾਈ ਅੰਮ੍ਰਿਤਪਾਲ ਸਿੰਘ ਦੀ ਸੁਰੱਖਿਆ ਲਈ ਪ੍ਰੋਟੈਕਸ਼ਨ ਟੀਮ (ਸੀ ਪੀ ਪੀ) ਤੇ ਅਨੰਦਪਰ ਖਾਲਸਾ (ਏ ਕੇ ਐੱਫ) ਮੈਂਬਰ ਸੀ।

ਐੱਸ ਐੱਸ ਪੀ ਖੰਨਾ ਨੇ ਦੱਸਿਆ ਕਿ ਤੇਜਿੰਦਰ ਸਿੰਘ ਉਰਫ਼ ਗੋਰਖਾ ਬਾਬਾ ਅਜਨਾਲਾ ਕਾਂਡ ਸਮੇਂ ਅੰਮ੍ਰਿਤਪਾਲ ਸਿੰਘ ਦਾ ਨੇੜਲਾ ਸਾਥੀ ਸੀ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਏ ਕੇ ਐੱਫ ਦੇ ਸਾਰੇ ਮੈਂਬਰਾਂ ਨੂੰ ਆਪਣੇ ਬੈਲਟ ਨੰਬਰ ਦਿੱਤੇ ਹੋਏ ਸਨ। ਅੰਮ੍ਰਿਤਪਾਲ ਵੱਲੋਂ ਏ ਕੇ ਐੱਫ ਤੇ ਅੰਮ੍ਰਿਤਪਾਲ ਟਾਇਗਰ ਫੋਰਸ ਨਾਮ ਦੇ ਦੋ ਅਲੱਗ ਅਲੱਗ ਵਟਸਐਪ ਗਰੁੱਪ ਬਣਾਏ ਹੋਏ ਸਨ। ਗੁਰਭੇਜ ਸਿੰਘ ਉਰਫ਼ ਭੇਜਾ ਨਾਂ ਦੇ ਵਿਅਕਤੀ ਵੱਲੋਂ ਅੰਮ੍ਰਿਤਪਾਲ ਸਿੰਘ ਨੂੰ 10 ਬੁਲਟ ਪਰੂਫ ਜੈਕਟਾਂ ਦਾ ਪ੍ਰਬੰਧ 2 ਮਹੀਨੇ ਪਹਿਲਾਂ ਕਰਕੇ ਦਿੱਤਾ ਗਿਆ। ਇਹ ਸਾਰੀਆਂ ਜੈਕਟਾਂ ਤੇ ਹਥਿਆਰਾਂ ਉੱਪਰ ਏ ਕੇ ਐੱਫ ਲਿਖਿਆ ਹੋਇਆ ਸੀ। ਕੁਝ ਹਥਿਆਰਾਂ ਉੱਪਰ ਲੰਬੀ ਦੂਰੀ ਵਾਲੀਆਂ ਦੂਰਬੀਨਾਂ ਲੱਗੀਆਂ ਹੋਈਆਂ ਸਨ। ਤੇਜਿੰਦਰ ਸਿੰਘ ਉਰਫ਼ ਗੋਰਖਾ ਉਸ ਦੇ ਮੋਬਾਇਲ ਫੋਨ ਵਿੱਚੋਂ ਮਿਲੀਆਂ ਫੋਟੋਆਂ ਵੀਡੀਓ ਕਲਿੱਪ ਖਾਲਸਾ ਰਾਜ ਦੇ ਚਿੰਨ੍ਹ, ਖਾਲਸਾ ਰਾਜ ਦੇ ਮੂੰਦਰਾਂ ਬਿੱਲ, ਏ ਕੇ ਐੱਫ ਮੈਂਬਰਾਂ ਦੀਆਂ ਹਥਿਆਰਾਂ ਨਾਲ ਫੋਟੋਆਂ, ਅੰਮ੍ਰਿਤਪਾਲ ਸਿੰਘ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਨਾਲੇ ਵਿੱਚ ਫਾਇਰਿੰਗ ਰੇਂਜ ਹਥਿਆਰ ਚਲਾਉਣ ਦੀ ਪ੍ਰੈਕਟਿਸ ਕਰਦੇ ਦੀ ਵੀਡੀਓ, ਪਾਕਿਸਤਾਨੀ ਨਾਗਰਿਕਤਾ ਵਾਲਾ ਡਰਾਈਵਿੰਗ ਲਾਇਸੰਸ ਆਦਿ ਮਿਲੇ ਹਨ। ਤੇਜਿੰਦਰ ਸਿੰਘ ਉਰਫ਼ ਗੋਰਖਾ ਬਾਬਾ ਦੇ ਮੋਬਾਇਲ ਫੋਨ ਵਿੱਚੋਂ ਇਹ ਵੀਡੀਓ ਤੇ ਫੋਟੋਆਂ ਤੋਂ ਅਨੰਦਪੁਰ ਖਾਲਸਾ ਫੌਜ ਦੇ ਘਿਨਾਉਣੇ ਮਨਸੂਬਿਆਂ ਨੂੰ ਦਰਸਾਉਂਦੇ ਹਨ। ਇਹ ਪੰਜਾਬ ਦੀ ਸ਼ਾਂਤੀ ਤੇ ਸਦਭਾਵਨਾ ਅਤੇ ਰਾਸ਼ਟਰੀ ਸੁਰੱਖਿਆ ਲਈ ਵੱਡਾ ਖਤਰਾ ਦਰਸਾਉਂਦੀਆਂ ਹਨ। ਪੁਲਸ ਵੱਲੋਂ ਸਮੇਂ ਸਿਰ ਕਾਰਵਾਈ ਕਰਕੇ ਇਹ ਕੁਝ ਟਾਲ ਦਿੱਤਾ ਗਿਆ ਹੈ। ਅਗਲੀ ਜਾਂਚ ਵਿੱਚ ਤੇਜਿੰਦਰ ਸਿੰਘ ਉਰਫ਼ ਗੋਰਖਾ ਅਗਲੇ ਪਿਛਲੇ ਸਬੰਧ ਸਥਾਪਤ ਕੀਤੇ ਜਾਣਗੇ। ਇਸ ਮੌਕੇ ਉੱਪ ਕਪਤਾਨ ਡਾਕਟਰ ਪ੍ਰਿਗਿਆ ਜੈਨ ਆਈ ਪੀ ਐੱਸ, ਡੀ ਐੱਸ ਪੀ ਪਾਇਲ ਹਰਸਿਮਰਤ ਸਿੰਘ ਸੇਤਰਾ ਵੀ ਹਾਜ਼ਰ ਸਨ।

ਮਾਛੀਵਾੜਾ ਦੇ ਗੌਰਵ ਪਹਿਲਵਾਨ ਨੇ 'ਨਲਵਾੜੀ ਕੇਸਰੀ' ਦਾ ਖ਼ਿਤਾਬ ਜਿੱਤਿਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਦੇ ਨਿਵਾਸੀ ਪਹਿਲਵਾਨ ਗੌਰਵ ਨੇ ਹਿਮਾਚਲ ਪ੍ਰਦੇਸ਼ ਵਿੱਚ ਜਾ ਕੇ ਜਿੱਤ ਦੇ ਝੰਡੇ ਗੱਡਦਿਆਂ ਦੰਗਲ ਮੇਲੇ ਵਿੱਚ ਵਧੀਆ ਪ੍ਰਦਰਸ਼ਨ ਕਰਦਿਆਂ 'ਨਲਵਾੜੀ ਕੇਸਰੀ' ਦਾ ਖ਼ਿਤਾਬ ਆਪਣੇ ਨਾਮ ਕੀਤਾ ਹੈ। ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਵਿੱਚ 7 ਦਿਨਾਂ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ ਉੱਤਰੀ ਭਾਰਤ ਦੇ ਨਾਮੀ ਪਹਿਲਵਾਨਾਂ ਨੇ ਭਾਗ ਲਿਆ। ਇਸ ਦੰਗਲ ਮੇਲੇ ਵਿੱਚ ਗੌਰਵ ਮਾਛੀਵਾੜਾ ਨੂੰ 'ਨਲਵਾੜੀ ਕੇਸਰੀ' ਦਾ ਇਨਾਮ ਦਿੱਤਾ ਗਿਆ, ਜਿਸ ਵਿੱਚ ਇੱਕ ਲੱਖ ਨਕਦੀ ਸਮੇਤ ਗੁਰਜ ਵੀ ਦਿੱਤਾ ਗਿਆ। ਹਿਮਾਚਲ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਗੌਰਵ ਪਹਿਲਵਾਨ ਨੂੰ ਇਹ ਖ਼ਿਤਾਬ ਦੇ ਕੇ ਸਨਮਾਨਿਆ। ਮਾਛੀਵਾੜਾ ਦੇ ਵਾਸੀ ਸ਼ੰਮੀ ਕੁਮਾਰ ਪਹਿਲਵਾਨ ਦਾ ਸਪੁੱਤਰ ਗੌਰਵ ਪਹਿਲਵਾਨ ਇਸ ਤੋਂ ਪਹਿਲਾਂ ਵੀ ਕਈ ਖ਼ਿਤਾਬ ਜਿੱਤ ਕੇ ਇਲਾਕੇ ਦਾ ਨਾਮ ਰੌਸ਼ਨ ਕਰ ਚੁੱਕਾ ਹੈ।

ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ 28 ਨੂੰ ਮੋਹਾਲੀ 'ਚ ਕਰੇਗੀ ਰੋਸ ਰੈਲੀ : ਜੱਗਾ, ਚੱਠਾ

ਛਾਜਲੀ (ਜਸਵੀਰ ਲਾਡੀ)-ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਵਿੱਚ ਸ਼ਾਮਲ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਪੰਜਾਬ, ਬ੍ਰਾਂਚ ਸੁਨਾਮ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਬ੍ਰਾਂਚ ਪ੍ਰਧਾਨ ਉਜਾਗਰ ਸਿੰਘ ਜੱਗਾ ਦੀ ਪ੍ਰਧਾਨਗੀ ਹੇਠ ਆਈ ਟੀ ਆਈ ਸੁਨਾਮ ਦੇ ਟਿਊਬਵੈੱਲ ਦੇ ਪਾਰਕ ਵਿੱਚ ਕੀਤੀ ਗਈ। ਮੀਟਿੰਗ ਦੀ ਕਾਰਵਾਈ ਬਾਰੇ ਜਥੇਬੰਦੀ ਦੇ ਪ੍ਰੈੱਸ ਸਕੱਤਰ ਨਛੱਤਰ ਸਿੰਘ ਚੱਠਾ ਨੇ ਦੱਸਿਆ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਮੁਲਾਜ਼ਮਾਂ ਦੇ ਹੱਕਾਂ ਲਈ ਜਥੇਬੰਦੀਆਂ ਦੀ ਸਾਂਝੀ ਤਾਲਮੇਲ ਸੰਘਰਸ਼ ਕਮੇਟੀ ਨਾਲ ਪਿਛਲੇ ਸਮੇਂ ਦੌਰਾਨ ਵਿਭਾਗ ਮੁਖੀ ਵੱਲੋਂ ਮੀਟਿੰਗ ਦੌਰਾਨ ਮੁਲਾਜ਼ਮ ਮੰਗਾਂ ਹੱਲ ਕਰਨ ਦੀ ਬਜਾਏ ਅੜੀਅਲ ਵਤੀਰਾ ਅਪਣਾਇਆ ਗਿਆ, ਜਿਸ ਦੇ ਵਿਰੁੱਧ 28 ਮਾਰਚ ਨੂੰ ਵਿਭਾਗੀ ਮੁਖੀ ਦੇ ਦਫਤਰ ਮੋਹਾਲੀ ਵਿਖੇ ਭਰਵਾਂ ਰੋਸ ਪ੍ਰਦਰਸ਼ਨ ਹੋਵੇਗਾ।

ਉਨ੍ਹਾਂ ਦੱਸਿਆ ਕਿ ਪਿਛਲੇ ਦੋ ਸਾਲ ਤੋਂ ਵੱਧ ਸਮੇਂ ਤੋਂ ਮੌਤ ਹੋ ਚੁੱਕੇ ਕਰਮਚਾਰੀਆਂ ਦੇ ਵਾਰਿਸਾਂ ਨੂੰ ਨੌਕਰੀਆਂ ਦੇਣ। ਵਿਭਾਗ ਅੰਦਰ ਖਾਲੀ ਪੋਸਟਾਂ ਭਰਨ, ਇਨਲਿਸਟਮੈਂਟ ਕਾਮਿਆਂ ਵਿਭਾਗ ਵਿੱਚ ਲੈ ਕੇ ਪੱਕੇ ਕਰਨ, ਦਰਜਾ ਤਿੰਨ ਵਿਭਾਗੀ ਟੈਸਟ ਪਾਸ ਅਧੀਨ ਸੀਨੀਆਰਤਾ ਸੂਚੀ ਮੁਤਾਬਿਕ 6 ਵਿਭਾਗੀ ਟੈਸਟ ਪਾਸ ਤੇ 15% ਦਸਵੀਂ+ਆਈ ਟੀ ਆਈ ਪਾਸ ਡਿਪਲੋਮਾ ਹੋਲਡਰਾਂ ਨੂੰ ਪੰਜਾਬ ਸਰਕਾਰ ਦੇ ਹੋਰਾਂ ਵਿਭਾਗਾਂ ਦੀ ਤਰ੍ਹਾਂ ਸਾਲ 2011 ਤੋਂ ਦਿੱਤੀਆਂ ਪ੍ਰਮੋਸ਼ਨਾਂ ਤੇ ਦਰਜਾ ਚਾਰ ਮੁਲਾਜ਼ਮ ਦੀਆਂ ਪ੍ਰਮੋਸ਼ਨਾਂ ਕਰਨ, ਫੀਲਡ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਸਫਰੀ ਭੱਤਾ ਦੇਣ, ਸੁਪਰੀਮ ਕੋਰਟ ਦੇ ਜਿੱਤੇ ਹੋਏ ਕੇਸਾਂ ਦਾ ਬਣਦਾ ਬਕਾਇਆ ਦੇਣ, ਇਨਲਿਸਟਮੈਂਟ ਕਾਮਿਆਂ ਦੀ ਤਨਖਾਹ ਦਾ ਬਜਟ ਸਮੇਂ ਸਿਰ ਜਾਰੀ ਕਰਨ, ਡਿਪਟੀ ਡਾਇਰੈਕਟਰ ਪ੍ਰਸ਼ਾਸਨ ਦੀ ਬੋਲੜੀ ਪੋਸਟ ਖਤਮ ਕਰਨ, ਦਰਜਾ ਤਿੰਨ ਫੀਲਡ ਕਰਮਚਾਰੀਆਂ ਦੇ ਜੀ ਪੀ ਐੱਫ ਦਾ ਹਿਸਾਬ ਸਰਕਲ ਪੱਧਰ 'ਤੇ ਕਰਨ ਸਮੇਤ ਹੋਰ ਹੱਕੀ ਜਾਇਜ਼ ਮੰਗਾਂ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ, ਸਗੋਂ ਵਿਭਾਗ ਨੂੰ ਖਤਮ ਕਰਨ ਲਈ ਸਕੀਮਾਂ ਬਣਾਈਆਂ ਜਾ ਰਹੀਆਂ ਹਨ, ਜਿਸ ਦੇ ਵਿਰੋਧ ਵਿੱਚ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਵੱਲੋਂ 28 ਮਾਰਚ ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮੁਖੀ ਦੇ ਦਫਤਰ ਮੋਹਾਲੀ ਅੱਗੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾਵੇਗੀ, ਜਿਸ ਵਿੱਚ ਟੈਕਨੀਕਲ ਐਂਡ ਮਕੈਨੀਕਲ ਇੰਪ. ਯੂਨੀਅਨ ਪੰਜਾਬ ਬ੍ਰਾਂਚ ਸੁਨਾਮ ਆਪਣੀ ਪੂਰੀ ਮੈਂਬਰਸ਼ਿੱਪ ਨਾਲ ਇਸ ਰੋਸ ਧਰਨੇ 'ਚ ਸ਼ਮੂਲੀਅਤ ਕਰੇਗੀ।

ਕਾਤਰਾਂ

ਉੱਤਰ ਕੁੰਜੀ ਜਾਰੀ ਹੋਣ 'ਤੇ ਈ ਟੀ ਟੀ ਉਮੀਦਵਾਰਾਂ 'ਚ ਰੋਸ

ਬੁਢਲਾਡਾ (ਅਸ਼ੋਕ ਲਾਕੜਾ)-ਸਿੱਖਿਆ ਵਿਭਾਗ ਪੰਜਾਬ ਵੱਲੋਂ ਈ.ਟੀ.ਟੀ. ਕਾਡਰ ਦੀਆਂ 5994 ਆਸਾਮੀਆਂ ਦੀ ਲਿਖਤੀ ਪ੍ਰੀਖਿਆ ਦੀ ਉੱਤਰ ਕੁੰਜੀ ਲਗਭਗ 19 ਦਿਨ ਬੀਤ ਜਾਣ ਦੇ ਬਾਵਜੂਦ ਜਾਰੀ ਨਹੀਂ ਕੀਤੀ ਗਈ, ਜਿਸ ਕਾਰਨ ਉਮੀਦਵਾਰਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਵਿਭਾਗ ਵੱਲੋਂ ਇਹ ਪ੍ਰੀਖਿਆ 5 ਮਾਰਚ ਨੂੰ ਚੰਡੀਗੜ੍ਹ ਤੇ ਜ਼ਿਲ੍ਹਾ ਮੋਹਾਲੀ ਵਿਖੇ ਵੱਖ ਵੱਖ ਪ੍ਰੀਖਿਆ ਕੇਂਦਰ ਸਥਾਪਤ ਕਰਕੇ ਪ੍ਰੀਖਿਆ ਲਈ ਗਈ ਸੀ, ਜਿੱਥੇ ਸੂਬੇ ਭਰ ਦੇ ਲਗਭਗ 23 ਹਜ਼ਾਰ ਉਮੀਦਵਾਰਾਂ ਨੇ ਪ੍ਰੀਖਿਆ 'ਚ ਭਾਗ ਲਿਆ। ਜੋ ਅੱਜ ਲਗਭਗ 19 ਦਿਨ ਬੀਤ ਚੁੱਕੇ ਹਨ, ਪਰ ਉੱਤਰ ਕਾਪੀ ਨਹੀਂ ਜਾਰੀ ਕੀਤੀ ਗਈ, ਜਦਕਿ ਇਸ ਤੋਂ ਪਹਿਲਾਂ ਹੋਈਆਂ ਈ ਟੀ ਟੀ ਕੇਡਰ ਦੀਆਂ 2364 ਆਸਾਮੀਆਂ ਤੇ 6635 ਆਸਾਮੀਆਂ ਦੀ ਉੱਤਰ ਕੁੰਜੀ ਪ੍ਰੀਖਿਆ ਲੈਣ ਵਾਲੀ ਮਿਤੀ ਤੋਂ ਮਹਿਜ਼ 2 ਤੋਂ 3 ਦਿਨ ਬਾਅਦ ਹੀ ਜਾਰੀ ਕਰ ਦਿੱਤੀ ਗਈ ਸੀ, ਪਰ ਈ ਟੀ ਟੀ 5994 ਪ੍ਰੀਖਿਆ ਦੀ ਉੱਤਰ ਕੁੰਜੀ ਜਾਰੀ ਕਰਨ 'ਚ ਸਿੱਖਿਆ ਵਿਭਾਗ ਕੋਈ ਦਿਲਚਸਪੀ ਨਹੀਂ ਦਿਖਾਅ ਰਿਹਾ।

20 ਵਾਹਨਾਂ ਦੇ ਚਲਾਣ ਕੱਟੇ

ਰਾਜਪੁਰਾ (ਰਮੇਸ਼ ਕਟਾਰੀਆ)-ਮਾਨਯੋਗ ਐੱਸ ਐੱਸ ਪੀ ਪਟਿਆਲਾ ਸ੍ਰੀ ਵਰੁਣ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡੀ ਐੱਸ ਪੀ ਟ੍ਰੈਫਿਕ ਕਰਮਵੀਰ ਸਿੰਘ ਦੀ ਰਹਨੁਮਾਈ ਹੇਠ ਟ੍ਰੈਫਿਕ ਪੁਲਸ ਰਾਜਪੁਰਾ ਵੱਲੋਂ ਰਵਿੰਦਰਾ ਚੌਕ ਤੋਂ ਲੱਕੜ ਮੰਡੀ ਚੌਕ ਤੱਕ, ਟਾਹਲੀਵਾਲਾ ਚੌਕ ਤੋਂ ਸਰਕਾਰੀ ਕੰਨਿਆ ਸਕੂਲ ਤੱਕ ਲਗਾਏ ਨਾਕੇ ਦੌਰਾਨ 5 ਬੁਲਟ ਮੋਟਰਸਾਈਕਲ 'ਤੇ ਗੈਰ-ਕਨੂੰਨੀ ਸਲੈਂਸਰ ਲਗਾਉਣ ਤੇ 15 ਗਲਤ ਪਾਰਕਿੰਗ ਕਰਨ ਦੇ ਚਲਾਨ ਕੱਟੇ ਗਏ। ਏ ਐੱਸ ਆਈ ਗੁਰਬਚਨ ਸਿੰਘ ਇਸ ਮੌਕੇ ਏ ਐੱਸ ਆਈ ਗੁਰਮੀਤ ਸਿੰਘ, ਏ ਐੱਸ ਆਈ ਜੂਝਾਰ ਸਿੰਘ ਮੌਜੂਦ ਸਨ।

500 ਗ੍ਰਾਮ ਗਾਂਜੇ ਸਮੇਤ ਮਹਿਲਾ ਕਾਬੂ

ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)-ਥਾਣਾ ਦਾਖਾ ਦੀ ਪੁਲਸ ਨੇ ਮੁਖਬਰ ਦੀ ਇਤਲਾਹ 'ਤੇ ਕੀਤੀ ਗਈ ਨਾਕਾਬੰਦੀ ਦੌਰਾਨ ਇੱਕ ਮਹਿਲਾ ਨੂੰ ਗਾਂਜੇ ਸਮੇਤ ਕਾਬੂ ਕਰਨ ਉਪਰੰਤ ਉਸ ਖਿਲਾਫ ਅਗਲੇਰੀ ਵਿਭਾਗੀ ਕਾਰਵਾਈ ਆਰੰਭ ਦਿੱਤੀ ਹੈ। ਕੇਸ ਦੀ ਪੜਤਾਲ ਕਰ ਰਹੇ ਏ.ਐੱਸ.ਆਈ. ਪ੍ਰੀਤਮ ਮਸੀਹ ਅਨੁਸਾਰ ਏ.ਐੱਸ.ਆਈ. ਕੁਲਦੀਪ ਸਿੰਘ ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਪੂਜਾ ਪਤਨੀ ਸੁਨੀਲ ਵਾਸੀ ਮੰਡੀ ਮੁੱਲਾਂਪੁਰ ਜਿਹੜੀ ਗਾਂਜਾ ਵੇਚਣ ਦਾ ਕੰਮ ਕਰਦੀ ਹੈ ਤੇ ਉਹ ਅੱਜ ਵੀ ਗਾਂਜਾ ਵੇਚਣ ਲਈ ਆ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਅਨੁਸਾਰ ਗਊਸ਼ਾਲਾ ਰੋਡ ਮੰਡੀ ਮੁੱਲਾਂਪੁਰ ਨਾਕਾਬੰਦੀ ਕਰਨ ਉਪਰੰਤ ਪੈਦਲ ਆ ਰਹੀ ਉੱਕਤ ਮਹਿਲਾ ਨੂੰ ਰੋਕ ਕੇ ਇਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 500 ਗ੍ਰਾਮ ਗਾਂਜਾ ਬਰਾਮਦ ਹੋਇਆ।

ਨਕਲੀ ਅੰਗ ਮੁਹੱਈਆ ਕਰਵਾਉਣ ਲਈ ਮਾਪ ਕੈਂਪ ਅੱਜ

ਬਰੇਟਾ (ਗੋਬਿੰਦ ਸ਼ਰਮਾ)-ਨਰਾਇਣ ਸੇਵਾ ਸੰਸਥਾਨ ਵੱਲੋਂ ਸਹਿਯੋਗੀ ਸੰਸਥਾਵਾਂ ਦੇ ਸਹਿਯੋਗ ਨਾਲ ਅੰਗਹੀਣ ਵਿਅਕਤੀਆਂ ਨੂੰ ਬਨਾਵਟੀ (ਨਕਲੀ) ਅੰਗ ਮੁਹੱਈਆ ਕਰਵਾਉਣ ਲਈ ਮਾਪ ਕੈਂਪ 26 ਮਾਰਚ ਨੂੰ ਬਠਿੰਡਾ 'ਚ ਲਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬਿੱਗ ਹੋਪ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਕੁਮਾਰ ਨੇ ਦੱਸਿਆ ਕਿ ਕੈਂਪ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹਨ ਤੇ ਲੋੜਵੰਦ ਅੰਗਹੀਣ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਚੱਲ ਰਹੀ ਹੈ। ਸੰਸਥਾ ਦੇ ਸਲਾਹਕਾਰ ਸ਼ੰਕਰ ਕੁਮਾਰ ਨੇ ਦੱਸਿਆ ਕਿ ਕੈਂਪ ਦੌਰਾਨ ਮਰੀਜ਼ ਆਪਣੇ ਅਧਾਰ ਕਾਰਡ ਦੀ ਫੋਟੋ ਕਾਪੀ, ਅੰਗਹੀਣ ਸਰਟੀਫਿਕੇਟ ਦੀ ਕਾਪੀ ਤੇ ਆਪਣੀ ਅਪੰਗਤਾ ਨੂੰ ਦਰਸਾਉਂਦੀ 2 ਫੋਟੋ ਜ਼ਰੂਰ ਲੈ ਕੇ ਆਉਣ। ਇਸ ਸਮੇਂ ਯੁਵਾ ਟਰੱਸਟ ਦੇ ਸੰਗਤ ਸਿੰਘ, ਮੀਤ ਪ੍ਰਧਾਨ ਗੋਪਾਲ ਸ਼ਰਮਾ, ਰਣਜੀਤ ਸਿੰਘ, ਸੁਰੇਸ਼ ਕੁਮਾਰ, ਦਵਿੰਦਰ ਸਿੰਘ ਤੇ ਰਾਜਵਿੰਦਰ ਸਿੰਘ, ਬਖਸ਼ਿੰਦਰ ਸਿੰਘ, ਗੋਸ਼ੀ ਵਰਮਾ ਤੇ ਸੰਸਾਰ ਸਿੰਘ ਦੀ ਕੰਮਾਂ ਸੰਬੰਧੀ ਜ਼ੁੰਮੇਵਾਰੀ ਲਗਾਈ ਗਈ ਹੈ।

30 ਪਰਵਾਰਾਂ ਨੂੰ ਰਾਸ਼ਨ ਵੰਡਿਆ

ਜਗਰਾਓਂ (ਅਮਿਤ ਖੰਨਾ)-ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਵੱਲੋਂ 30 ਪਰਿਵਾਰਾਂ ਨੂੰ ਰਾਸ਼ਨ ਤਕਸੀਮ ਕੀਤਾ ਗਿਆ। ਇਸ ਮੌਕੇ ਚੇਅਰਮੈਨ ਅਮਿਤ ਅਰੋੜਾ ਨੇ ਦੱਸਿਆ ਕਿ ਸੰਸਥਾ ਵੱਲੋਂ ਪਿਛਲੇ 33 ਮਹੀਨਿਆਂ ਤੋਂ ਹਰੇਕ ਮਹੀਨੇ ਲੋੜਵੰਦ 30 ਪਰਿਵਾਰਾਂ ਨੂੰ ਸੁੱਕਾ ਰਾਸ਼ਨ ਦਿੱਤਾ ਜਾ ਰਿਹਾ ਹੈ, ਤਾਂ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਰੋਟੀ ਨਸੀਬ ਹੋ ਸਕੇ। ਉਨ੍ਹਾ ਦੱਸਿਆ ਕਿ ਸੰਸਥਾ ਵੱਲੋਂ ਮਰੀਜ਼ਾਂ ਲਈ ਮੁਫਤ ਐਂਬੂਲੈਂਸ ਦੀ ਸੇਵਾ ਦਿ

26-MAR-PAGE-1.qxd 3/25/2023 10:14 PM Page 2

ਡੀ ਪੀ ਐੱਸ ਵਿਖੇ ਦੋ ਰੋਜ਼ਾ ਐਡਵੈਂਚਰ ਕੈਂਪ ਲਗਾਇਆ

ਰਾਜਪੁਰਾ (ਰਮੇਸ਼ ਕਟਾਰੀਆ)-ਡੀ.ਪੀ.ਐੱਸ. ਰਾਜਪੁਰਾ ਵਿਖੇ ਬੱਚਿਆਂ ਨੂੰ ਸਾਹਸੀ ਅਨੁਭਵ ਦੇਣ ਲਈ ਦੋ ਰੋਜ਼ਾ ਐਡਵੈਂਚਰ ਕੈਂਪ ਲਗਾਇਆ। ਕੈਂਪ ਦੇ ਮੈਂਬਰਾਂ ਨੇ ਵਿਦਿਆਰਥੀਆਂ ਵੱਲੋਂ ਕੈਂਪ 'ਚ ਦਿਖਾਈ ਊਰਜਾ ਤੇ ਉਤਸ਼ਾਹ ਨੂੰ ਲੈ ਕੇ ਵਿਦਿਆਰਥੀਆਂ ਨੂੰ ਕਦਮ-ਦਰ-ਕਦਮ ਮਾਰਗਦਰਸ਼ਨ ਕੀਤਾ। ਇਸ ਕੈਂਪ ਵਿੱਚ ਬਰਮਾ ਬ੍ਰਿਜ, ਮਲਟੀ ਵਾਈਨ, ਦੰਗਲ ਡਾਗ, ਐਸਿਡ ਸਰਕਲ, ਕੀ ਪੰਚ, ਅਦਿੱਖ ਮੇਜ ਤੇ ਬਲਦ ਰਿੰਗ ਵਰਗੀਆਂ ਗਤੀਵਿਧੀਆਂ ਸ਼ਾਮਲ ਸਨ। ਇਸ ਐਡਵੈਂਚਰ ਕੈਂਪ ਦਾ ਮੁੱਖ ਆਕਰਸ਼ਨ 'ਵਾਕ ਆਨ ਫਾਇਰ' ਸੀ, ਜਿੱਥੇ ਬੱਚਿਆਂ ਨੇ ਬਲ਼ਦੇ ਕੋਲ਼ਿਆਂ 'ਤੇ ਸੈਰ ਕਰਨ ਦਾ ਅਦਭੁੱਤ ਅਨੁਭਵ ਕੀਤਾ। ਇਹ ਸਾਹਸੀ ਕੈਂਪ ਬੱਚਿਆਂ ਤੇ ਅਧਿਆਪਕਾਂ ਲਈ ਸੱਚਮੁੱਚ ਹੀ ਇੱਕ ਤਰ੍ਹਾਂ ਦਾ ਅਨੁਭਵ ਸੀ, ਜਿਸ ਦਾ ਉਦੇਸ਼ ਬੱਚਿਆਂ ਵਿੱਚ ਆਤਮ ਵਿਸ਼ਵਾਸ ਤੇ ਟੀਮ ਵਰਕ ਦੀ ਭਾਵਨਾ ਪੈਦਾ ਕਰਨ ਲਈ ਮਜ਼ੇਦਾਰ ਗਤੀਵਿਧੀਆਂ ਅਤੇ ਸਾਹਸੀ ਖੇਡਾਂ ਦੀ ਵਰਤੋਂ ਕਰਨਾ ਸੀ। ਸਾਡੇ ਛੋਟੇ ਬੱਚਿਆਂ ਨੇ ਪੂਰੇ ਤਜਰਬੇ ਦਾ ਪੂਰਾ ਆਨੰਦ ਲਿਆ ਤੇ ਸੀਨੀਅਰ ਗਰੁੱਪ ਨੇ ਵੀ ਸਾਰੀਆਂ ਗਤੀਵਿਧੀਆਂ ਕਰਕੇ ਇੱਕ ਬਿਲਕੁਲ ਨਵਾਂ ਤਜਰਬਾ ਕੀਤਾ। ਸਭ ਨੇ ਬੱਚਿਆਂ ਨੂੰ ਇਹ ਨਵਾਂ ਤਜਰਬਾ ਦੇਣ ਲਈ ਸਕੂਲ ਦੀ ਪ੍ਰਿੰਸੀਪਲ ਗੀਤਿਕਾ ਚੰਦਰ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਅਜਿਹੇ ਤਜਰਬਿਆਂ ਰਾਹੀਂ ਸਰਬਪੱਖੀ ਵਿਕਾਸ ਦੇ ਨਵੇਂ ਪੱਧਰਾਂ ਲਈ ਅੱਗੇ ਵਧਣ ਦੀ ਅਰਦਾਸ ਕੀਤੀ।

ਸਿਲਵਰ ਵਾਟਿਕਾ ਸਕੂਲ 'ਚ ਮਾਪੇ-ਅਧਿਆਪਕ ਮਿਲਣੀ

ਭੀਖੀ (ਧਰਮਵੀਰ ਸ਼ਰਮਾ)-ਸਿਲਵਰ ਵਾਟਿਕਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਮਾਉਂ ਵਿਖੇ ਅਧਿਆਪਕ-ਮਾਪੇ ਮਿਲਣੀ ਕਰਵਾਈ ਗਈ, ਜਿਸ ਵਿੱਚ ਨਰਸਰੀ ਤੋਂ ਬਾਰਵੀਂ ਕਲਾਸ ਤੱਕ ਦੇ ਨਤੀਜੇ ਐਲਾਨੇ ਗਏ। ਬੱਚਿਆਂ ਦੀ ਬਿਹਤਰ ਕਾਰਗੁਜ਼ਾਰੀ ਤੋਂ ਸਭ ਤੋਂ ਵੱਧ ਖੁਸ਼ ਮਾਪੇ ਹੀ ਹੁੰਦੇ ਹਨ ਤੇ ਜਦੋਂ ਬੱਚਿਆਂ ਦੀ ਪ੍ਰਤਿਭਾ 'ਤੇ ਮਾਪਿਆਂ ਨੂੰ ਸਨਮਾਨਤ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਇਸ ਮੌਕੇ ਸਕੂਲ ਦੇ ਚੇਅਰਮੈਨ ਗਿਸ਼ਵ ਸਿੰਗਲਾ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ ਅਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ, ਮਾਪੇ ਤੇ ਵਿਦਿਆਰਥੀ ਸਿੱਖਣ ਦੀ ਪ੍ਰਕਿਰਿਆ ਦੇ ਤਿੰਨ ਮੁੱਖ ਧਰੁਵ ਹਨ ਅਤੇ ਇਨ੍ਹਾਂ ਤਿੰਨਾਂ ਦਾ ਕਿਰਿਆਸ਼ੀਲ ਹੋਣਾ ਬੱਚਿਆਂ ਦੇ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਮਾਪਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਭਵਿੱਖ 'ਚ ਸਿੱਖਿਆ ਦੇ ਮਿਆਰ ਨੂੰ ਹੋਰ ਵੀ ਬਿਹਤਰ ਬਣਾਉਣ ਲਈ ਵੱਖ-ਵੱਖ ਯਤਨ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਯਤਨਾਂ ਨੂੰ ਸਫਲ ਬਣਾਉਣ ਲਈ ਪ੍ਰਿੰਸੀਪਲ ਕਿਰਨ ਰਤਨ ਤੇ ਸਮੂਹ ਸਟਾਫ ਅਣਥੱਕ ਮਿਹਨਤ ਕਰ ਰਹੇ ਹਨ। ਇਸ ਮਾਪੇ-ਅਧਿਆਪਕ ਮਿਲਣੀ 'ਚ ਸਕੂਲ 'ਚ ਮਾਪਿਆਂ ਦੇ ਪਹੁੰਚਣ ਦਾ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਪ੍ਰਿੰਸੀਪਲ ਕਿਰਨ ਰਤਨ ਨੇ ਮਾਪਿਆਂ ਨੂੰ ਕਿਹਾ ਕਿ ਤੁਹਾਨੂੰ ਘਰ ਵਿੱਚ ਬੱਚਿਆਂ ਦਾ ਮਾਰਗਦਰਸ਼ਨ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਸਕੂਲ ਪ੍ਰਬੰਧਨ ਨੂੰ ਸੂਚਿਤ ਕਰਨਾ ਚਾਹੀਦਾ ਹੈ। ਸਕੂਲ ਦੇ ਡਾਇਰੈਕਟਰ ਨਮਨ ਸਿੰਗਲਾ ਨੇ ਸਕੂਲ ਦੇ ਵਿਹੜੇ ਵਿੱਚ ਪਹੁੰਚੇ ਸਾਰੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਮਾਪਿਆਂ ਵੱਲੋਂ ਅੱਵਲ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।

ਸਰਕਾਰ ਖਰਾਬ ਹੋਈ ਫਸਲ ਦੀ ਸਪੈਸ਼ਲ ਗਿਰਦਾਵਰੀ ਕਰਨ ਦਾ ਜਲਦੀ ਨੋਟੀਫਿਕੇਸ਼ਨ ਜਾਰੀ ਕਰੇ : ਸੂਬੇਦਾਰ ਭੁਲੇਰੀਆ

ਮਮਦੋਟ (ਹਰਪਾਲ ਸਿੰਘ ਸੋਢੀ)-ਪਿਛਲੇ ਹਫਤੇ ਤੋਂ ਚੱਲ ਰਹੇ ਖਰਾਬ ਮੌਸਮ ਨੇ ਕਿਸਾਨਾਂ ਦੀਆਂ ਫਸਲਾਂ ਨੂੰ ਰੋਲ ਕੇ ਰੱਖ ਦਿੱਤਾ ਹੈ। ਖੇਤਾਂ ਵਿੱਚ ਬੱਚਿਆਂ ਵਾਂਗੂੰ ਪਾਲੀਆਂ ਹੋਈਆਂ ਕਣਕ ਤੇ ਸਰ੍ਹੋਂ ਦੀਆਂ ਫਸਲਾਂ ਮੀਂਹ ਤੇ ਹਨੇਰੀਆਂ ਨੇ ਜ਼ਮੀਨ ਉੱਤੇ ਵਿਛਾ ਦਿੱਤੀਆਂ ਹਨ। ਭਗਵੰਤ ਮਾਨ ਸਰਕਾਰ ਨੂੰ ਚਾਹੀਦਾ ਹੈ ਕਿ ਤੁਰੰਤ ਡਿੱਗੀਆਂ ਕਣਕਾਂ ਤੇ ਸਰ੍ਹੋਂ ਦੀਆਂ ਫਸਲਾਂ ਦੀ ਗਿਰਦਾਵਰੀ ਕਰਨ ਦਾ ਜਲਦੀ ਤੋਂ ਜਲਦੀ ਨੋਟੀਫਿਕੇਸ਼ਨ ਜਾਰੀ ਕਰਕੇ ਪਟਵਾਰੀਆਂ ਨੂੰ ਹੁਕਮ ਦਿੱਤੇ ਜਾਣ। ਪਟਵਾਰੀਆਂ ਨੂੰ ਚਾਹੀਦਾ ਹੈ ਕਿ ਉਹ ਮੌਕੇ ਉਤੇ ਆ ਕੇ ਜਿਸ ਨੇ ਫਸਲ ਬੀਜੀ ਹੈ, ਉਸ ਦੇ ਨਾਂ ਉਤੇ ਗਿਰਦਾਵਰੀ ਕੀਤੀ ਜਾਵੇ। ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਫੁਰਮਾਨ ਸਿੰਘ ਸੰਧੂ ਦੀ ਦਿਸ਼ਾ ਨਿਰਦੇਸ਼ ਅਨੁਸਾਰ ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਪ੍ਰੈੱਸ ਸਕੱਤਰ ਬੀ ਕੇ ਯੂ ਪੰਜਾਬ ਦੇ ਗ੍ਰਹਿ ਵਿਖੇ ਮੀਟਿੰਗ ਕੀਤੀ, ਜਿਸ ਵਿੱਚ ਸ਼ਾਮਲ ਸੁਖਦੇਵ ਸਿੰਘ ਸੋਢੀ ਲਖਮੀਰ ਕੇ, ਜਥੇਦਾਰ ਹੀਰਾ ਸਿੰਘ, ਜਗਤਾਰ ਸਿੰਘ, ਹਰਪ੍ਰੀਤ ਸਿੰਘ ਸੋਢੀ ਤੇ ਹੋਰ ਬਹੁਤ ਸਾਰੇ ਕਿਸਾਨ ਸ਼ਾਮਲ ਹੋਏ।

10 ਪੇਟੀਆਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ

ਸਮਰਾਲਾ (ਸੁਰਜੀਤ ਸਿੰਘ)-ਪੁਲਸ ਜ਼ਿਲਾ ਖੰਨਾ ਦੇ ਐਸ ਐਸ ਪੀ ਅਮਨੀਤ ਕੌਂਡਲ, ਐਸ ਪੀ (ਆਈ) ਡਾ. ਪ੍ਰਿਗਿਆ ਜੈਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਸਮਰਾਲਾ ਪੁਲਸ ਵੱਲੋਂ ਨਾਕੇਬੰਦੀ ਦੌਰਾਨ ਇੱਕ ਵਿਅਕਤੀ ਕੋਲੋਂ 10 ਪੇਟੀਆਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਡੀ ਐਸ ਪੀ ਸਮਰਾਲਾ ਵਰਿਆਮ ਸਿੰਘ ਖਹਿਰਾ ਤੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਸਹਾਇਕ ਥਾਣੇਦਾਰ ਬਲਦੇਵ ਰਾਜ ਵੱਲੋਂ ਪੁਲਸ ਪਾਰਟੀ ਨਾਲ ਸੁਆ ਪੁਲੀ ਮਾਦਪੁਰ ਵਿਖੇ ਇੱਕ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 10 ਪੇਟੀਆਂ ਨਜਾਇਜ਼ ਸ਼ਰਾਬ ਮਾਰਕਾ ਦੇਸੀ ਬਰਾਮਦ ਕੀਤੀ ਗਈ। ਥਾਣਾ ਮੁਖੀ ਨੇ ਦੱਸਿਆ ਕਿ ਉਕਤ ਵਿਅਕਤੀ ਦੀ ਪਛਾਣ ਮਨਪ੍ਰੀਤ ਸਿੰਘ ਉਰਫ ਮਨੀ ਵਾਸੀ ਮੰਜਾਲੀ ਕਲਾਂ ਵਜੋਂ ਹੋਈ ਹੈ, ਜਿਸ ਖਿਲਾਫ ਕੇਸ ਦਰਜ ਕਰ ਲਿਆ ਹੈ। ਉਨ੍ਹਾ ਦੱਸਿਆ ਕਿ ਕਥਿਤ ਦੋਸ਼ੀ ਨੂੰ ਅਦਾਲਤ 'ਚ ਪੇਸ਼ ਕਰਕੇ ਪੁਲਸ ਰਿਮਾਂਡ ਦੌਰਾਨ ਹੋਰ ਪੁੱਛਗਿੱਛ ਕੀਤੀ ਜਾਵੇਗੀ।

ਰਾਮਪੁਰਾ ਫੂਲ 'ਚ ਵਿਸ਼ਵ ਟੀ ਬੀ ਦਿਵਸ ਮਨਾਇਆ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਐਸ ਡੀ ਐਚ ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਐਸ ਐਮ ਓ ਡਾ. ਹਰਿੰਦਰਪਾਲ ਸਿੰਘ ਦੀ ਅਗਵਾਈ ਹੇਠ ਵਿਸ਼ਵ ਟੀ ਬੀ ਦਿਵਸ ਮਨਾਇਆ ਗਿਆ। ਡਾ. ਅਸ਼ੀਸ਼ ਬਜਾਜ ਨੇ ਲੋਕਾਂ ਦੇ ਇਕੱਠ ਨੂੰ ਦੱਸਿਆ ਕਿ ਟੀ ਬੀ ਦੇ ਰੋਗ ਤੋਂ ਬਿਲਕੁਲ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ ਹੈ। ਟੀ ਬੀ ਦੇ ਮੁੱਖ ਲੱਛਣ ਭਾਰ ਦਾ ਘਟ ਜਾਣਾ, ਛਾਤੀ 'ਚ ਦਰਦ ਅਤੇ 2 ਹਫਤਿਆਂ ਤੋਂ ਜ਼ਿਆਦਾ ਖਾਂਸੀ, ਭੁੱਖ ਨਾ ਲੱਗਣਾ, ਬਲਗਮ 'ਚ ਖੂਨ ਆਉਣਾ ਆਦਿ ਹਨ। ਰੋਗੀ ਨੂੰ ਇਹ ਲੱਛਣ ਆਉਣ ਤੋਂ ਉਸ ਨੂੰ ਆਪਣੇ ਨੇੜੇ ਦੇ ਸਰਕਾਰੀ ਸਿਹਤ ਕੇਂਦਰ 'ਚ ਟੀ ਬੀ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਇਹ ਜਾਂਚ ਬਿਲਕੁਲ ਮੁਫ਼ਤ ਵਿੱਚ ਕੀਤੀ ਜਾਦੀ ਹੈ। ਐਸ ਐਮ ਓ ਡਾ. ਹਰਿੰਦਰਪਾਲ ਸਿੰਘ ਨੇ ਦੱਸਿਆ ਕਿ ਟੀ ਬੀ ਦੇ ਰੋਗ ਨੂੰ ਆਪਣੇ ਇਲਾਜ ਦਾ ਕੋਰਸ ਪੂਰਾ ਕਰਨਾ ਚਾਹੀਦਾ ਹੈ ਅਤੇ ਡਾਕਟਰ ਦੇ ਕਹੇ ਤੋਂ ਬਿਨਾਂ ਦਵਾਈ ਬੰਦ ਨਹੀਂ ਕਰਨੀ ਚਾਹੀਦੀ। ਟੀ ਬੀ ਦਾ ਇਲਾਜ ਲੈ ਰਹੇ ਮਰੀਜ਼ਾਂ ਨੂੰ 500 ਪ੍ਰਤੀ ਮਹੀਨਾ ਸਰਕਾਰ ਵੱਲੋਂ ਅਤੇ ਪ੍ਰਧਾਨ ਮੰਤਰੀ ਟੀ ਬੀ ਮੁਕਤ ਅਧੀਨ ਪ੍ਰਤੀ ਮਹੀਨੇ ਰਾਸ਼ਨ ਵੀ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਮੌਕੇ ਸਿਵਲ ਹਸਪਤਾਲ ਰਾਮਪੁਰਾ ਫੂਲ ਦੇ ਡਾ. ਵਿਸ਼ਵ ਕੌਸ਼ਲ, ਡਾ. ਬਿਕਰਮਜੀਤ ਸਿੰਘ, ਸੁਖਵਿੰਦਰ ਸਿੰਘ ਚੀਫ ਫਾਰਮਾਸਿਸਟ, ਦੀਪਕ ਕੁਮਾਰ ਫਾਰਮੇਸੀ ਅਫਸਰ, ਸਿੰਦਰ ਕੌਰ ਐਲ ਐਚ ਵੀ, ਭਾਰਤ ਭੂਸ਼ਣ ਐਸ ਟੀ ਐਸ, ਸੁਨੀਲ ਧੀਰ ਕੰਪਿਊਟਰ ਅਪਰੇਟਰ, ਗਗਨਜੀਤ ਸਿੰਘ ਕੰਪਿਊਟਰ ਅਪਰੇਟਰ, ਕਿਸ਼ਨ ਕੁਮਾਰ, ਜਗਮੇਲ ਸਿੰਘ ਸੁਪਰਵਾਈਜ਼ਰ, ਰਜਨੀ ਆਸ਼ਾ ਹਾਜ਼ਰ ਸਨ।

ਵਿੱਦਿਆਪੀਠ ਸਮਾਣਾ 'ਚ ਲਗਾਇਆ ਗੀਗੋਲੀਆ ਪਰੀ ਸਮਰ ਕੈਂਪ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਅਤੇ ਚੇਅਰਮੈਨ ਸਿੰਗਲਾ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਥਕਾਵਟ ਤੋਂ ਰਾਹਤ ਦਿਵਾਉਣ ਲਈ ਨਰਸਰੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਗੀਗੋਲੀਆ ਪਰੀ ਸਮਰ ਕੈਂਪ ਮਿਤੀ 22 ਮਾਰਚ ਤੋਂ 31 ਮਾਰਚ ਤੱਕ ਲਗਾਉਣ ਦਾ ਉਪਰਾਲਾ ਕੀਤਾ ਗਿਆ। ਇਸ ਕੈਂਪ 'ਚ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਜਿਵੇਂ ਕਿ ਸੰਗੀਤ, ਫਰੈਂਚ, ਹਰ ਵਿਸ਼ੇ ਲਈ ਲੈਬ ਕਲਾਸਿਸ, ਸਪੋਕਨ ਇੰਗਲਿਸ਼ ਕਲਾਸਿਸ, ਡਾਂਸ, ਫਿਟਨੈੱਸ, ਸਪੋਰਟਸ ਅਤੇ ਯੋਗਾ ਕਲਾਸਿਸ ਆਦਿ ਗਤੀਵਿਧੀਆਂ ਸ਼ਾਮਲ ਹਨ। ਕੈਂਪ ਦੀ ਸ਼ੁਰੂਆਤ ਪ੍ਰਾਰਥਨਾ ਸਭਾ ਨਾਲ ਕੀਤੀ ਗਈ। ਬੱਚਿਆਂ ਨੂੰ ਫਿੱਟ ਰੱਖਣ ਲਈ ਫਿਟਨੈੱਸ ਕਸਰਤ ਅਤੇ ਯੋਗਾ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਸੰਗੀਤ, ਨਾਚ, ਯੋਗਾ ਅਤੇ ਖੇਡਾਂ ਕਰਵਾ ਕੇ ਉਨ੍ਹਾਂ ਦਾ ਮਨੋਰੰਜਨ ਕੀਤਾ ਗਿਆ। ਵਿਦਿਆਰਥੀਆਂ ਨੂੰ ਸਕੂਲ ਵੱਲੋਂ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਜ਼ਖਮੀ ਨੌਜਵਾਨਾਂ ਦਾ ਅਪ੍ਰੇਸ਼ਨ ਕਰਨ ਤੋਂ ਇਨਕਾਰ ਕਰਨ ਵਾਲੇ ਡਾਕਟਰ ਵਿਰੁੱਧ ਭਾਰਤੀਯ ਮਜ਼ਦੂਰ ਸੰਘ ਨੇ ਕੀਤਾ ਰੋਸ ਪ੍ਰਦਰਸ਼ਨ

ਮੋਗਾ (ਅਮਰਜੀਤ ਬੱਬਰੀ)-ਮਿਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਦੇ ਪੋਤਰੇ ਅਤੇ ਇੱਕ ਹੋਰ ਨੌਜਵਾਨ ਦੇ ਕੁਝ ਲੋਕਾਂ ਨੇ ਮਿਤੀ 06.3.2023 ਨੂੰ ਸੱਟਾਂ ਮਾਰੀਆਂ ਸਨ। ਮਿਤੀ 6 ਮਾਰਚ ਨੂੰ ਇਨ੍ਹਾਂ ਨੌਜਵਾਨਾਂ ਨੂੰ ਲਗਭਗ ਸ਼ਾਮ 06.00 ਵਜੇ ਸਿਵਲ ਹਸਪਤਾਲ ਮੋਗਾ ਵਿਖੇ ਦਾਖਲ ਕਰਵਾਇਆ ਗਿਆ। ਇਨ੍ਹਾਂ ਦੋਨਾਂ ਨੌਜਵਾਨਾਂ ਦੀਆਂ ਬਾਹਾਂ ਦਾ ਫੌਰੀ ਆਪ੍ਰੇਸ਼ਨ ਹੋਣਾ ਜ਼ਰੂਰੀ ਸੀ, ਪ੍ਰੰਤੂ ਸੰਬੰਧਤ ਹੱਡੀਆਂ ਦਾ ਡਾਕਟਰ ਆਪ੍ਰੇਸ਼ਨ ਕਰਨ 'ਤੇ ਕੋਈ ਨਾ ਕੋਈ ਬਹਾਨਾ ਲਗਾ ਕੇ ਟਾਲ ਮਟੋਲ ਕਰਦਾ ਰਿਹਾ ਅਤੇ ਜਦੋਂ ਇਹ ਮਾਮਲਾ ਦੋ ਵਾਰ ਐਸ ਐਸ ਓ ਦੇ ਧਿਆਨ ਵਿੱਚ ਲਿਆਂਦਾ ਗਿਆ ਅਤੇ ਐਸ ਐਸ ਓ ਨੇ ਸੰਬੰਧਤ ਡਾਕਟਰ ਨੂੰ ਆਪ੍ਰੇਸ਼ਨ ਕਰਨ ਲਈ ਕਿਹਾ ਤਾਂ ਸੰਬੰਧਤ ਡਾਕਟਰ ਇਸ ਗੱਲ ਦਾ ਗੁੱਸਾ ਕਰ ਗਏ ਅਤੇ ਮਿਤੀ 15 ਮਾਰਚ ਨੂੰ ਆਪ੍ਰੇਸ਼ਨ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਬਾਹਰੋਂ ਆਪ੍ਰੇਸ਼ਨ ਕਰਵਾ ਲਓ ਅਤੇ ਉਸੇ ਦਿਨ ਦੋਨਾਂ ਨੌਜਵਾਨਾਂ ਨੂੰ ਛੁੱਟੀ ਦੇ ਦਿੱਤੀ। ਉਕਤ ਗੱਲ ਦਾ ਪ੍ਰਗਟਾਵਾ ਕਰਦਿਆਂ ਪ੍ਰਧਾਨ ਕਰਮ ਚੰਦ ਚੰਡਾਲੀਆ ਨੇ ਕਿਹਾ ਕਿ ਉਨ੍ਹਾਂ ਗਰੀਬਾਂ ਨੂੰ 50000 ਰੁਪਏ ਖਰਚ ਕਰ ਕੇ ਪ੍ਰਾਈਵੇਟ ਹਸਪਤਾਲ ਤੋਂ ਦੋਨਾਂ ਨੌਜਵਾਨਾਂ ਦਾ ਆਪ੍ਰੇਸ਼ਨ ਕਰਵਾਉਣਾ ਪਿਆ। ਸੰਬੰਧਤ ਡਾਕਟਰ ਵੱਲੋਂ ਆਪਣੀ ਡਿਊਟੀ ਨਾ ਨਿਭਾਉਣ ਵਿਰੁੱਧ ਪ੍ਰਧਾਨ ਕਰਮ ਚੰਦ ਚੰਡਾਲੀਆ ਨੇ ਸਿਹਤ ਮੰਤਰੀ ਪੰਜਾਬ ਸਰਕਾਰ ਅਤੇ ਸੀ ਐਮ ਓ ਮੋਗਾ ਨੂੰ ਈ ਮੇਲ ਰਾਹੀਂ ਲਿਖਤੀ ਸ਼ਿਕਾਇਤ ਕੀਤੀ ਹੈ। ਦੋਸ਼ੀ ਡਾਕਟਰ ਖਿਲਾਫ ਢੁਕਵੀਂ ਕਾਰਵਾਈ ਦੀ ਮੰਗ ਨੂੰ ਲੈ ਕੇ ਭਾਰਤੀਯ ਮਜ਼ਦੂਰ ਸੰਘ ਨਾਲ ਸੰਬੰਧਤ ਵੱਖ ਵੱਖ ਟ੍ਰੇਡ ਯੂਨੀਅਨਾਂ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਦੋਸ਼ੀ ਡਾਕਟਰ ਅਤੇ ਸਿਵਲ ਹਸਪਤਾਲ ਪ੍ਰਸ਼ਾਸਨ ਵਿਰੁੱਧ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਪੱਲੇਦਾਰ ਮਜ਼ਦੂਰ ਯੂਨੀਅਨ ਦੇ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ ਦੀ ਅਗਵਾਈ ਵਿੱਚ ਨੇਚਰ ਪਾਰਕ ਵਿੱਚ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਪਹਿਲਾਂ ਹੀ ਸਿਵਲ ਹਸਪਤਾਲ ਮੋਗਾ ਤੇ ਰੈਫਰਲ ਹਸਪਤਾਲ ਦਾ ਟੈਗ ਲੱਗਾ ਹੋਇਆ ਹੈ ਜਦੋਂ ਕਿ ਇਹ ਜ਼ਿਲ੍ਹਾ ਪੱਧਰ ਦਾ ਹਸਪਤਾਲ ਹੈ। ਧੀਰ ਨੇ ਕਿਹਾ ਕਿ ਇੱਥੇ ਅੱਧੀ ਰਾਤ ਨੂੰ ਮਰੀਜ਼ ਨੂੰ ਫਰੀਦਕੋਟ ਜਾਂ ਲੁਧਿਆਣਾ ਜਾਣ ਲਈ ਕਹਿ ਦਿੱਤਾ ਜਾਂਦਾ ਹੈ, ਉਸ ਸਮੇਂ ਮਰੀਜ਼ ਦੇ ਪਰਵਾਰ ਕੋਲ ਫਰੀਦਕੋਟ ਜਾਂ ਲੁਧਿਆਣਾ ਲੈ ਕੇ ਜਾਣ ਲਈ ਸਾਧਨ ਅਤੇ ਪੈਸਾ ਧੇਲਾ ਨਹੀਂ ਹੁੰਦਾ। ਧੀਰ ਨੇ ਕਿਹਾ ਕਿ ਮਿਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਦੀ ਸ਼ਿਕਾਇਤ 'ਤੇ ਡਿਊਟੀ ਦੀ ਅਣਗਹਿਲੀ ਕਰਨ ਵਾਲੇ ਡਾਕਟਰ ਵਿਰੁੱਧ ਜੇਕਰ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਭਾਰਤੀਯ ਮਜ਼ਦੂਰ ਸੰਘ ਨਾਲ ਸੰਬੰਧਤ ਜ਼ਿਲ੍ਹਾ ਭਰ ਦੀਆਂ ਮਜ਼ਦੂਰ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਰੋਸ ਧਰਨਾ ਲਗਾਇਆ ਜਾਵੇਗਾ।

26-March-PAGE-11-Majha.qxd 3/25/2023 10:23 PM Page 1

ਮੀਂਹ ਤੇ ਹਨੇਰੀ ਕਾਰਨ ਕਿਸਾਨਾਂ ਦੀਆਂ ਉਮੀਦਾਂ 'ਤੇ ਫਿਰਿਆ ਪਾਣੀ

ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਸਰਹੱਦੀ ਪਿੰਡਾਂ ਵਿੱਚ ਬਾਰਿਸ਼ ਤੇ ਤੇਜ਼ ਹਨੇਰੀ ਝੱਖੜ ਨਾਲ ਜਿਥੇ ਪਹਿਲਾਂ ਹੀ ਕਣਕ ਦੀ ਫਸਲ ਖੇਤਾਂ ਵਿਚ ਖਰਾਬ ਹੋ ਰਹੀ ਹੈ ਉੱਥੇ ਸ਼ੁੱਕਰਵਾਰ ਨੂੰ ਪਈ ਬਾਰਿਸ਼ ਕਾਰਨ ਕਿਸਾਨਾਂ ਦੇ ਸਾਹ ਸੂਤੇ ਹੋਏ ਹਨ। ਇਸ ਮੌਕੇ ਆਮ ਆਦਮੀ ਪਾਰਟੀ ਆਗੂ ਸਤਪਾਲ ਸਿੰਘ ਲਹੀਆ, ਕਿਸਾਨ ਗੁਰਸਾਹਿਬ ਸਿੰਘ, ਕਿਸਾਨ ਸਲਵਿੰਦਰ ਸਿੰਘ, ਕਿਸਾਨ ਹਰਪਾਲ ਸਿੰਘ, ਰਾਣਾ ਦੋਧੀ, ਜਥੇਦਾਰ ਜਸਵੰਤ ਸਿੰਘ, ਕੁਲਦੀਪ ਸਿੰਘ ਨਾਗੀ, ਕੇਵਲ ਸਿੰਘ, ਕਿਸਾਨ ਨਿੰਦਰ ਸਿੰਘ, ਕੰਵਲਜੀਤ ਸਿੰਘ ਸੋਨਾ ਢਿੱਲੋਂ, ਹਰਦਿਆਲ ਸਿੰਘ, ਮੈਂਬਰ ਭੁਪਿੰਦਰ ਸਿੰਘ, ਗਲਵਿੰਦਰ ਸਿੰਘ ਗਿੰਦਾ, ਗੋਪੀ ਗੜ੍ਹਾ, ਗੁਰਬੀਰ ਸਿੰਘ ਢਿੱਲੋਂ, ਪ੍ਰਧਾਨ ਅਜੀਤ ਸਿੰਘ, ਮੈਂਬਰ ਮੇਜਰ ਸਿੰਘ ਆਦਿ ਕਿਸਾਨਾਂ ਨੇ ਦੱਸਿਆ ਕਿ ਇਸ ਵਾਰ ਜਿੱਥੇ ਉਨ੍ਹਾਂ ਨੂੰ ਕਣਕ ਦਾ ਚੰਗਾ ਝਾੜ ਨਿਕਲਣ ਦੀਆਂ ਉਮੀਦਾਂ ਸਨ ਪਰ ਬਾਰਿਸ਼ ਹੋਣ ਕਾਰਨ ਕਿਸਾਨਾਂ ਦੇ ਸਾਹ ਸੁੱਕੇ ਹੋਏ ਹਨ। ਉਨ੍ਹਾਂ ਦੱਸਿਆ ਕਿ ਜਿਥੇ ਪਹਿਲਾਂ ਹੀ ਕਣਕ ਖੇਤਾਂ ਵਿਚ ਲੰਮੇ ਪੈਣ ਕਾਰਨ ਖਰਾਬ ਹੋਈ ਸੀ ਉਥੇ ਹੁਣ ਲੰਮੇ ਪਈ ਕਣਕ ਤੇ ਮੀਂਹ ਪੈਣ ਕਾਰਨ ਉਨ੍ਹਾਂ ਦੀ ਕਣਕ ਵੱਡੇ ਪੱਧਰ ਤੇ ਨਸ਼ਟ ਹੋ ਜਾਵੇਗੀ। ਕਿਸਾਨਾਂ ਨੇ ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਖੇਤਾਂ ਵਿਚ ਲੰਮੀਆਂ ਪਈਆਂ ਕਣਕਾਂ ਦੀ ਗਿਰਦਾਵਰੀ ਕਰਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸੁਹਿਰਦ ਯਤਨਾਂ ਦੀ ਲੋੜ: ਬੇਦੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਤੇ ਸਿੱਖ ਚਿੰਤਕ ਦਿਲਜੀਤ ਸਿੰਘ ਬੇਦੀ ਨੇ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਪੰਜਾਬ ਵਿਧਾਨ ਸਭਾ 'ਚ ਨਸ਼ਿਆਂ ਦੀ ਅਲਾਮਤ ਬਾਰੇ ਦਿੱਤੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਿਹਤ ਮੰਤਰੀ ਦਾ ਬਿਆਨ ਪੰਜਾਬ ਦੀ ਦਿਨੋਂ ਦਿਨ ਖੋਖਲੀ ਹੋ ਰਹੀ ਅੰਦਰਲੀ ਸਿਹਤ ਸਥਿਤੀ ਦੀ ਗੰਭੀਰਤਾ ਵੱਲ ਧਿਆਨ ਦਿਵਾਉਂਦਾ ਹੈ ਜੋ ਬਹੁਤ ਚਿੰਤਾ ਵਾਲਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਪ੍ਰਮੁੱਖ ਸਵਾਲ ਇਹ ਹੈ ਕਿ ਕੀ ਸਰਕਾਰੀ ਪੱਧਰ 'ਤੇ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਚੁੱਕੇ ਗਏ ਕਦਮ ਸਾਰਥਕ ਸਿੱਧ ਹੋਏ ਹਨ ਜਾਂ ਸਮੱਸਿਆ ਜਿਉਂ ਦੀ ਤਿਉਂ ਹੈ? ਇਸ ਬਾਰੇ ਸਵੈ ਪੜਚੋਲ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਦੇ ਬਿਆਨ ਅਨੁਸਾਰ ਸੂਬੇ ਵਿਚ 10 ਲੱਖ ਵਿਅਕਤੀ ਨਸ਼ਿਆਂ ਦੇ ਆਦੀ ਹਨ ਜਿਨ੍ਹਾਂ ਵਿਚੋਂ 2.62 ਲੱਖ ਸਰਕਾਰੀ ਨਸਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ ਜਦੋਂਕਿ 6.12 ਲੱਖ ਨਿੱਜੀ ਖੇਤਰ ਦੇ ਹਸਪਤਾਲਾਂ ਦੀਆਂ ਸੇਵਾਵਾਂ ਲੈ ਰਹੇ ਹਨ। ਸ. ਬੇਦੀ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਨਸ਼ੇ ਦੇ ਆਦੀ ਵਿਅਕਤੀਆਂ ਦੀ ਅਸਲ ਗਿਣਤੀ ਦੱਸੇ ਜਾ ਰਹੇ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਉਨ੍ਹਾਂ ਕਿਹਾ ਸਿਹਤ ਵਿਭਾਗ ਅਨੁਸਾਰ ਪੰਜਾਬ 'ਚ 528 ਟਰੀਟਮੈਂਟ ਸੈਂਟਰ (ਓਟ ਕਲੀਨਿਕ) ਅਤੇ 36 ਸਰਕਾਰੀ ਤੇ 185 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਬਾਵਜੂਦ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ 19 ਸਰਕਾਰੀ ਅਤੇ 74 ਨਿੱਜੀ ਖੇਤਰ ਦੇ ਮੁੜ ਵਸੇਬਾ ਸੈਂਟਰ ਦੱਸੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਨਸ਼ਾ ਰੁਕਣ ਦੀ ਸਥਿਤੀ ਕਿਧਰੇ ਦਿਖਾਈ ਨਹੀਂ ਦਿੰਦੀ। ਇਲਾਜ ਉਪਰੰਤ ਜ਼ਿਆਦਾਤਰ ਮਰੀਜ਼ ਮੁੜ ਨਸ਼ੇ ਕਰਨ ਦੇ ਰਾਹ ਪੈ ਜਾਂਦੇ ਹਨ। ਨਸ਼ਿਆਂ ਤੋਂ ਛੁਟਕਾਰੇ ਲਈ ਨਵੀਂ ਪਹੁੰਚ ਅਪਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਵੱਲੋਂ ਸਦਨ ਵਿਚ ਦਿੱਤੇ ਭਾਸ਼ਣ ਨਾਲ ਪੰਜਾਬੀਆਂ ਦੀ ਸੰਤੁਸ਼ਟੀ ਨਹੀਂ ਹੈ। ਸਰਕਾਰ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਅਜਿਹੇ ਖਤਰਨਾਕ ਰੁਝਾਨਾਂ ਨੂੰ ਠੱਲ੍ਹਣ ਲਈ ਕਾਰਗਰ ਵਿਉਂਤਬੰਦੀ ਕਰੇ। ਹਰ ਉਹ ਸਾਧਨ ਹੀਲਾ ਵਰਤੇ ਜਿਸ ਨਾਲ ਨਸ਼ਿਆਂ ਦੀ ਰੋਕਥਾਮ ਹੋਵੇ।

ਉਨ੍ਹਾਂ ਕਿਹਾ ਕਿ ਨਸ਼ਾ ਛੱਡਣ ਵਾਲੇ ਵਿਅਕਤੀ ਨੂੰ ਲੰਮੇ ਸਮੇਂ ਤਕ ਅਜਿਹੀਆਂ ਦਵਾਈਆਂ ਲੈਣੀਆਂ ਪੈਂਦੀਆਂ ਹਨ ਜਿਨ੍ਹਾਂ ਦੇ ਪ੍ਰਭਾਵ ਨਸ਼ਿਆਂ ਤੋਂ ਘੱਟ ਨਹੀਂ ਹੁੰਦੇ। ਨਸ਼ਾ ਛੁਡਾਊ ਕੇਂਦਰ ਕੋਈ ਕਰਾਮਾਤ ਨਹੀਂ ਕਰ ਸਕਦੇ, ਉਨ੍ਹਾਂ ਨੂੰ ਚਲਾਉਣ ਲਈ ਪ੍ਰਤੀਬੱਧਤਾ ਵਾਲੇ ਕਰਮਚਾਰੀਆਂ ਤੇ ਪ੍ਰਬੰਧਕਾਂ ਦੀ ਜ਼ਰੂਰਤ ਹੁੰਦੀ ਹੈ।

ਸੂਬਾ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਲਈ ਅਜਿਹੀ ਯੋਜਨਾਬੰਦੀ ਕਰੇ ਜਿਸ ਨਾਲ ਪੰਜਾਬ ਆਪਣੀ ਸਹੀ ਦਿਸ਼ਾ ਵੱਲ ਵਧ-ਫੁੱਲ ਸਕੇ। ਉਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਦੇ ਸੰਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਨੂੰ ਲਾਭਕਾਰੀ ਧੰਦੇ ਵਜੋਂ ਨਾ ਅਪਨਾਉਣ ਸਗੋਂ ਨਰੋਏ ਸਮਾਜ ਦੀ ਸਿਰਜਣਾ ਲਈ ਸੁਹਿਰਦਤਾ ਨਾਲ ਸਹਿਯੋਗੀ ਵਜੋਂ ਕਾਰਗਰ ਭੂਮਿਕਾ ਨਿਭਾਉਣ।

ਚੋਰਾਂ ਨੇ ਬੰਦ ਪਏ ਘਰ ਨੂੰ ਬਣਾਇਆ ਨਿਸ਼ਾਨਾ, ਕੀਮਤੀ ਸਾਮਾਨ ਚੋਰੀ

ਗੁਰਦਾਸਪੁਰ (ਜਨਕ ਮਹਾਜਨ)- ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਚਾਵਾਂ ਵਿਚ ਚੋਰਾਂ ਵਲੋਂ ਪ੍ਰਵਾਸੀ ਭਾਰਤੀ ਦੇ ਬੰਦ ਘਰ ਨੂੰ ਨਿਸ਼ਾਨਾ ਬਣਾਉਂਦਿਆਂ ਕੀਮਤੀ ਸਾਮਾਨ ਚੋਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਵਾਸੀ ਭਾਰਤੀ ਦੇ ਭੂਆ ਦੇ ਲੜਕੇ ਸਰਵਣ ਸਿੰਘ ਵਾਸੀ ਪੁਰਾਣਾ ਸ਼ਾਲਾ ਅਤੇ ਪ੍ਰਭਦੀਪ ਸਿੰਘ ਵਾਸੀ ਗੁਰਦਾਸਪੁਰ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਹੀ ਕਿਰਾਏਦਾਰ ਮਕਾਨ ਖਾਲੀ ਕਰ ਗਏ ਸਨ ਅਤੇ ਸਾਨੂੰ ਨੇੜਲੇ ਗੁਆਂਢੀਆਂ ਦਾ ਫ਼ੋਨ ਆਇਆ ਕਿ ਤੁਹਾਡੇ ਰਿਸ਼ਤੇਦਾਰਾਂ ਦੇ ਮਕਾਨ ਦੀਆਂ ਬੱਤੀਆਂ ਜਗਦੀਆਂ ਪਈਆਂ ਹਨ।

ਥੋੜ੍ਹੇ ਸਮੇਂ ਬਾਅਦ ਉਨ੍ਹਾਂ ਵਲੋਂ ਘਰ ਅੰਦਰ ਜਾ ਕੇ ਵੇਖਿਆ ਗਿਆ ਤਾਂ ਘਰ ਦੇ 5 ਕਮਰਿਆਂ ਦੇ ਤਾਲੇ ਟੁੱਟੇ ਪਏ ਸਨ ਅਤੇ ਅੰਦਰ ਬੈੱਡ 'ਤੇ ਅਲਮਾਰੀਆਂ ਦੀ ਫਰੋਲਾ-ਫਰਾਲੀ ਕੀਤੀ ਹੋਈ ਸੀ। ਇਸ ਘਟਨਾ ਦੀ ਸੂਚਨਾ ਪ੍ਰਵਾਸੀ ਭਾਰਤੀ ਗੁਰਸ਼ਰਨਜੀਤ ਸਿੰਘ ਪੁੱਤਰ ਲੈਕਚਰਾਰ ਸੇਵਾ ਮੁਕਤ ਜਸਪਾਲ ਸਿੰਘ ਵਾਸੀ ਜਰਮਨੀ ਨੂੰ ਦਿੱਤੀ ਜਿਨ੍ਹਾਂ ਤੋਂ ਪਤਾ ਚੱਲਿਆ ਕਿ ਚੋਰਾਂ ਵਲੋਂ ਘਰ ਵਿਚੋਂ ਕੁਝ ਇਲੈਕਟ੍ਰੋਨਿਕਸ ਅਤੇ ਹੋਰ ਕੀਮਤੀ ਸਾਮਾਨ ਚੋਰੀ ਕੀਤਾ ਗਿਆ ਹੈ। ਇਸ ਸਬੰਧੀ ਸਦਰ ਥਾਣਾ ਮੁਖੀ ਹਰਮਿੰਦਰ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਅਤੇ ਚੋਰਾਂ ਨੂੰ ਜਲਦ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ।

ਗੜੇਮਾਰੀ ਨਾਲ ਝੰਬੀਆਂ ਫਸਲਾਂ ਦਾ ਸਰਕਾਰ ਤੁਰੰਤ ਮੁਆਵਜ਼ਾ ਦੇਵੇ: ਧਾਰੀਵਾਲ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਜ਼ਿਲਾ ਆਗੂ ਤਰਸੇਮ ਸਿੰਘ ਧਾਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਭਾਰੀ ਮੀਂਹ ਤੇ ਗੜੇਮਾਰੀ ਅਤੇ ਹਨੇਰੀ ਝੱਖੜ ਨਾਲ ਕਣਕ, ਚਾਰ ਅਤੇ ਸਬਜ਼ੀਆਂ ਦਾ ਭਾਰੀ ਨੁਕਸਾਨ ਹੋਇਆ ਹੈ। ਪੰਜਾਬ ਦਾ ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਫਸਲਾਂ ਦੇ ਮੁੱਲ ਕਿਸਾਨ ਦੀ ਮਿਹਨਤ ਅਤੇ ਮਹਿੰਗਾਈ ਦੇ ਅਨੁਸਾਰ ਨਹੀਂ ਮਿਲ ਰਹੇ। ਪੰਜਾਬ ਵਿੱਚ ਕਿਸਾਨ ਤੇ ਮਜ਼ਦੂਰ ਦੀ ਹਾਲਤ ਤਰਸਯੋਗ ਬਣੀ ਹੋਈ ਹੈ, ਉਪਰੋਂ ਬੇਮੌਸਮੀ ਬਰਸਾਤ ਨੇ ਕਿਸਾਨਾਂ ਦਾ ਭਾਰੀ ਨੁਕਸਾਨ ਕੀਤਾ ਹੈ। ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਸ ਔਖੀ ਘੜੀ ਤੇ ਕਿਸਾਨਾਂ ਲਈ ਕੋਈ ਬਿਆਨ ਨਹੀਂ ਆਇਆ। ਇਸ ਲਈ ਕਿਸਾਨ ਮਜ਼ਦੂਰ ਜਥੇਬੰਦੀ ਦੇ ਆਗੂਆਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਤੁਰੰਤ ਕਿਸਾਨਾਂ ਨੂੰ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਵੇ ਅਤੇ ਕਣਕ ਦੇ ਰੇਟ ਵਿੱਚ ਵੱਡਾ ਵਾਧਾ ਕਰੇ ਤਾਂ ਕਿ ਪੰਜਾਬ ਵਿੱਚ ਕਿਸਾਨੀ ਕਿੱਤੇ ਨੂੰ ਬਚਾਇਆਂ ਜਾ ਸਕੇ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੋਂ ਡਾ. ਸਵਾਮੀਨਾਥਨ ਕਮਿਸ਼ਨ ਅਨੁਸਾਰ ਫਸਲਾਂ ਦੇ ਭਾਅ ਦੇਣ ਦੀ ਮੰਗ ਕੀਤੀ ਅਤੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਇਸ ਤੇ ਧਿਆਨ ਨਾ ਦਿੱਤਾ ਤਾਂ ਕਿਸਾਨ ਤੇ ਮਜ਼ਦੂਰ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਗੇ।

ਬਿਰਧ ਆਸ਼ਰਮ 'ਚ ਸ਼ਹੀਦਾਂ ਨੂੰ ਕੀਤਾ ਪ੍ਰਣਾਮ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਆਪਣਾ ਘਰ ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਵਿਚ ਸ਼ਹੀਦੀ ਦਿਵਸ ਮਨਾਇਆ। ਸਾਰੇ ਬਜ਼ੁਰਗਾਂ ਨੇ ਭਗਤ ਸਿੰਘ ਦੀ ਫੋਟੋ 'ਤੇ ਫੁੱਲ ਸਮਰਪਿਤ ਕੀਤੇ। ਕੁਝ ਬਜ਼ੁਰਗਾਂ ਨੇ ਸ਼ਹੀਦ ਭਗਤ ਸਿੰਘ ਬਾਰੇ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਛੋਟੀ ਉਮਰ ਵਿਚ ਦੇਸ਼ ਲਈ ਕੁਰਬਾਨੀ ਦੇ ਕੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਇਆ।

ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਸਮੂਹ ਸਟਾਫ ਸਵਿਤਾ, ਕਾਜਲ, ਸੁਖਵਿੰਦਰ ਕੌਰ, ਸੁਨੀਤਾ, ਕੁਲਵਿੰਦਰ ਕੌਰ, ਅੰਜੂ, ਤਰਸੇਮ ਲਾਲ ਅਤੇ ਰਾਜੇਸ਼ ਆਦਿ ਵੀ ਮੌਜੂਦ ਸਨ।

ਨਵੇਂ ਸੈਸ਼ਨ ਦੀ ਮਾਨਤਾ ਪ੍ਰਾਪਤ ਕਰਨ ਲਈ ਪ੍ਰਾਈਵੇਟ ਸਕੂਲ 30 ਅਪ੍ਰੈਲ ਤੱਕ ਅਪਲਾਈ ਕਰਨ: ਕਮਲਦੀਪ ਕੌਰ

ਪਠਾਨਕੋਟ (ਦਵਿੰਦਰ ਸਿੰਘ)-ਹਰ ਪ੍ਰਾਈਵੇਟ ਸਕੂਲ, ਚਾਹੇ ਉਹ ਕਿਸੇ ਵੀ ਬੋਰਡ ਨਾਲ ਸਬੰਧਿਤ ਹੋਵੇ, ਨੂੰ ਮਾਨਤਾ ਲੈਣਾ ਜ਼ਰੂਰੀ ਹੈ। ਇਸ ਲਈ ਜ਼ਿਲ੍ਹਾ ਪਠਾਨਕੋਟ ਵਿੱਚ ਚੱਲ ਰਹੇ ਜਿਨ੍ਹਾਂ ਪ੍ਰਾਈਵੇਟ ਸਕੂਲਾਂ ਵੱਲੋਂ ਸੈਸ਼ਨ 2022-23 ਦੀ ਮਾਨਤਾ ਪ੍ਰਾਪਤ ਕੀਤੀ ਗਈ ਹੈ ਉਹ ਪ੍ਰਾਈਵੇਟ ਸਕੂਲ ਨਵੇਂ ਸੈਸ਼ਨ 2023-24 ਲਈ ਆਪਣੀ ਮਾਨਤਾ ਰੀਨਿਊ ਕਰਵਾਉਣ ਲਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਵਿਭਾਗ ਦੇ ਈ-ਪੰਜਾਬ ਪੋਰਟਲ 'ਤੇ 30 ਅਪ੍ਰੈਲ 2023 ਤੋਂ ਪਹਿਲਾਂ ਪਹਿਲਾਂ ਆਨਲਾਈਨ ਅਪਲਾਈ ਕਰਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਕੀਤਾ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਦੱਸਿਆ ਕਿ ਮੁੱਖ ਦਫਤਰ ਵੱਲੋਂ ਜਾਰੀ ਪੱਤਰ ਅਨੁਸਾਰ ਪ੍ਰਾਈਵੇਟ ਸਕੂਲਾਂ ਵੱਲੋਂ ਮਾਨਤਾ ਪ੍ਰਾਪਤ ਕਰਨ ਲਈ ਸਿਰਫ ਵਿਭਾਗ ਦੇ ਪੋਰਟਲ ਤੇ ਹੀ ਆਨਲਾਈਨ ਅਪਲਾਈ ਕੀਤਾ ਜਾਵੇਗਾ। ਮਾਨਤਾ ਲਈ ਕਿਸੇ ਕਿਸਮ ਦੀ ਕੋਈ ਫਾਇਲ ਜਾਂ ਮਿਸਲ ਦਫਤਰ ਵਿਖੇ ਦਸਤੀ ਪ੍ਰਾਪਤ ਨਹੀਂ ਕੀਤੀ ਜਾਵੇਗੀ। ਇਸ ਲਈ ਜਿਨ੍ਹਾਂ ਸਕੂਲਾਂ ਨੇ ਪਿਛਲੇ ਸੈਸ਼ਨ ਦੀ ਮਾਨਤਾ ਪ੍ਰਾਪਤ ਕੀਤੀ ਹੈ ਉਹ ਸਕੂਲ ਨਿਰਧਾਰਿਤ 30 ਅਪ੍ਰੈਲ ਤੋਂ ਪਹਿਲਾਂ-ਪਹਿਲਾਂ ਈ-ਪੰਜਾਬ ਪੋਰਟਲ 'ਤੇ ਫਾਰਮ ਨੰਬਰ-1, ਸਵੈ ਘੋਸ਼ਣਾ ਪੱਤਰ ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਵਿੱਚ, ਬਿਲਡਿੰਗ ਸੇਫਟੀ ਸਰਟੀਫਿਕੇਟ ਸੈਸ਼ਨ 2023-24, ਫਾਇਰ ਸੇਫਟੀ ਸਰਟੀਫਿਕੇਟ ਸੈਸ਼ਨ 2023-24, ਸੋਸਾਇਟੀ ਸਰਟੀਫਿਕੇਟ, ਟਰਾਂਸਪੋਰਟ ਐਫੀਡੈਵਿਟ, ਪਟਾਨਮਾ 30 ਸਾਲਾ ਸਕੂਲ ਦੇ ਨਾਮ ਅਤੇ ਤਹਿਸੀਲਦਾਰ ਤੋਂ ਰਜਿਸਟਰਡ, ਸਕੂਲ ਮੈਪ, ਵਾਟਰ ਸੇਫਟੀ ਸਰਟੀਫਿਕੇਟ, ਸੋਸਾਇਟੀ ਰਿਕਮੈਂਡੇਸ਼ਨ ਅਤੇ ਪਿਛਲੇ ਤਿੰਨ ਸਾਲਾਂ ਦੀ ਬੈਲੇਂਸ ਸ਼ੀਟ ਅਪਲੋਡ ਕਰਨ ਤਾਂ ਜੋ ਉਨ੍ਹਾਂ ਨੂੰ ਸਮੇਂ ਸਿਰ ਮਾਨਤਾ ਸਰਟੀਫਿਕੇਟ ਦਿੱਤਾ ਜਾ ਸਕੇ।

ਚੋਰ ਘਰ 'ਚੋਂ ਕੀਮਤੀ ਸਾਮਾਨ ਲੈ ਕੇ ਫਰਾਰ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਦੀਨਾਨਗਰ ਸਹਿਰ ਦੀ ਮਾਸਟਰ ਕਲੋਨੀ ਵਿੱਚ ਦੋ ਨੌਜਵਾਨਾਂ ਨੇ ਬੰਦ ਪਏ ਇਕ ਘਰ ਨੂੰ ਨਿਸ਼ਾਨਾ ਬਣਾ ਕੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਚੋਰਾ ਨੇ ਏ ਸੀ ਦੇ ਹੇਠਾਂ ਵਾਲੀ ਖਿੜਕੀ ਦੀ ਜਾਲੀ ਤੋੜ ਕੇ ਘਰ ਅੰਦਰ ਦਾਖਲ ਹੋ ਕੇ ਕੀਮਤੀ ਸਾਮਾਨ ਲੇ ਕੇ ਫਰਾਰ ਹੋਏ।

ਪੀੜਤ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਬੀਤੇ ਕੁਝ ਦਿਨ ਪਹਿਲਾਂ ਹੀ ਰਿਟਾਇਰਡ ਪ੍ਰਿੰ. ਸਨੇਹ ਸਰਿਤਾ ਜੋਸ਼ੀ ਆਪਣੀ ਧੀ ਕੋਲ ਨੋਇਡਾ ਗਈ ਹੋਈ ਸੀ। ਪਿੱਛੋਂ ਚੋਰਾਂ ਨੇ ਕੰਦ ਟੱਪ ਕੇ ਏ ਸੀ ਦੇ ਹੇਠਾਂ ਖਿੜਕੀ ਦੀ ਜਾਲੀ ਤੋੜ ਕੇ ਘਰ ਦੇ ਅੰਦਰ ਦਾਖਲ ਹੋ ਕੇ ਚੋਰੀ ਦੀ ਬਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਦੀਨਾਨਗਰ ਦੇ ਇੰਚਾਰਜ ਮੇਜਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਕੇ ਘਟਨਾ ਦੀ ਜਾਣਕਾਰੀ ਲਈ। ਉਨ੍ਹਾਂ ਦੱਸਿਆ ਕਿ ਚੋਰਾਂ ਵੱਲੋਂ ਚੋਰੀ ਕਰਨ ਦੀਆਂ ਸੀਸੀਟੀਵੀ ਕੈਮਰੇ ਦੀਆਂ ਫੋਟੋਆਂ ਕੈਦ ਹੋ ਗਈਆਂ ਹਨ। ਇਨ੍ਹਾਂ ਫੋਟੋਆਂ ਦੇ ਆਧਾਰ 'ਤੇ ਅਗਲੀ ਕਾਰਵਾਈ ਸ਼ੁਰੂ ਕਰ

26-March-PAGE-12.qxd 3/25/2023 10:22 PM Page 1

ਬੇਮੌਸਮੇ ਮੀਂਹ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾਏ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)— ਬੀਤੇ ਦਿਨ ਤੋਂ ਪੈ ਰਹੇ ਬੇਮੌਸਮੇ ਮੀਂਹ ਕਾਰਨ ਇਲਾਕੇ ਦੇ ਪਿੰਡਾਂ ਵਿੱਚ ਪੱਕਣ ਕਿਨਾਰੇ ਖੜ੍ਹੀ ਕਣਕ ਨੂੰ ਜਿੱਥੇ ਕਾਫੀ ਨੁਕਸਾਨ ਪੁੱਜਾ ਹੈ, ਉੱਥੇ ਹੀ ਕਣਕ ਦੀ ਫਸਲ ਮੀਂਹ ਦੇ ਨਾਲ ਹੀ ਹਨੇਰੀ ਚੱਲਣ ਕਾਰਨ ਧਰਤੀ 'ਤੇ ਡਿੱਗ ਗਈ ਹੈ, ਜਿਸ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾ ਗਏ ਹਨ । ਕਿਸਾਨਾਂ ਦਾ ਕਹਿਣਾ ਹੈ ਕਿ ਪਏ ਮੀਂਹ ਕਾਰਨ ਕਣਕ ਦਾ ਕਾਫੀ ਨੁਕਸਾਨ ਹੋ ਗਿਆ ਹੈ, ਉੱਥੇ ਹੀ ਕਣਕ ਦਾ ਝਾੜ ਵੀ ਕਾਫੀ ਘੱਟ ਨਿਕਲਣ ਦੀ ਸੰਭਾਵਨਾ ਹੈ । ਦੂਜੇ ਪਾਸੇ ਮੀਂਹ ਕਾਰਨ ਹੀ ਚਾਰੇ ਦੀਆਂ ਫਸਲਾਂ ਵੀ ਪਾਣੀ ਵਿੱਚ ਡੁੱਬ ਜਾਣ ਕਾਰਨ ਖਰਾਬ ਹੋ ਸਕਦੀਆਂ ਹਨ । ਇਲਾਕੇ ਦੇ ਕਿਸਾਨ ਆਗੂ ਗੁਰਨਾਮ ਸਿੰਘ ਜੱਸੜਾ, ਸਰਪੰਚ ਲਖਵਿੰਦਰ ਸਿੰਘ ਭੂਰਾ ਬਾਈ ਪਰਮਿੰਦਰ ਸਿੰਘ ਸੇਖੋਂ , ਜੱਗਾ ਗੌੜ ਅਤੇ ਧਰਮਿੰਦਰ ਸਿੰਘ ਭੂਰੜੇ ਨੇ ਦੱਸਿਆ ਕਿ ਮੀਂਹ ਕਾਰਨ ਕਣਕ ਦੀ ਫਸਲ ਨੂੰ ਕਾਫੀ ਨੁਕਸਾਨ ਪੁੱਜਾ ਹੈ, ਜਿਸ ਕਾਰਨ ਕਿਸਾਨਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ, ਕਿਉਂਕਿ ਕਣਕ ਦਾ ਝਾੜ ਕਾਫੀ ਘੱਟ ਨਿਕਲਣ ਦੀ ਸੰਭਾਵਨਾ ਹੈ , ਜਿਸ ਕਾਰਨ ਕਿਸਾਨ ਹੋਰ ਕਰਜ਼ਈ ਹੋਵੇਗਾ । ਉਨ੍ਹਾਂ ਕਿਹਾ ਕਿ ਸੀਜਣ ਦੌਰਾਨ ਕਣਕ ਦੀ ਫਸਲ ਸਮੇਤ ਹੋਰ ਫਸਲਾਂ ਨੂੰ ਪਾਲਣ ਲਈ ਕਾਫੀ ਤਦਾਦ ਵਿੱਚ ਖਰਚਾ ਕਰਨਾ ਪੈਂਦਾ ਤਦ ਜਾ ਕੇ ਫਸਲ ਸਿਰੇ ਚੜ੍ਹਦੀ ਹੈ ਪਰ ਹੁਣ ਤਾਂ ਕੁਦਰਤੀ ਮਾਰ ਕਾਰਨ ਕਿਸਾਨ ਬੇਵੱਸ ਹੋ ਗਏ ਹਨ । ਉਕਤ ਕਿਸਾਨਾਂ ਨੇ ਕਿਹਾ ਕਿ ਕਣਕ ਦੀ ਫਸਲ ਨੂੰ ਲੈ ਕੇ ਕਿਸਾਨਾਂ ਦੇ ਬਹੁਤ ਸੁਪਨੇ ਹੁੰਦੇ ਹਨ ਜੋ ਕਿ ਹੁਣ ਅਧੂਰੇ ਹੀ ਰਹਿ ਗਏ ਹਨ । ਉਨ੍ਹਾਂ ਕਿਹਾ ਕਿ ਮੀਂਹ ਕਾਰਨ ਹੁਣ ਤਾਂ ਇਹ ਸਭ ਮਿੱਟੀ ਵਿੱਚ ਹੀ ਰੁਲ ਗਿਆ ਹੈ । ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਹੋਏ ਨੁਕਸਾਨ ਦਾ ਅਧਿਕਾਰੀਆਂ ਵੱਲੋਂ ਮੌਕਾ ਵੇਖ ਕੇ ਅਤੇ ਗਿਰਦਾਵਰੀ ਕਰਵਾ ਕੇ ਤੁਰੰਤ ਬਣਦਾ ਮੁਆਵਜ਼ਾ ਦਿੱਤਾ ਜਾਵੇ ।

ਆਮ ਆਦਮੀ ਪਾਰਟੀ ਨੇ ਲਗਾਇਆ ਖੂਨਦਾਨ ਕੈਂਪ

ਜਲੰਧਰ (ਸ਼ੈਲੀ ਐਲਬਰਟ)-ਸ਼ਹੀਦੇ ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਆਮ ਆਦਮੀ ਪਾਰਟੀ ਵਪਾਰ ਅਤੇ ਉਦਯੋਗ ਵਿੰਗ ਟੀਮ ਵੱਲੋਂ ਸ੍ਰੀਮਾਨ ਹਸਪਤਾਲ ਜਲੰਧਰ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਖੂਨਦਾਨ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਦਾ ਸੰਚਾਲਨ ਆਮ ਆਦਮੀ ਪਾਰਟੀ ਦੇ ਵਪਾਰ ਤੇ ਉਦਯੋਗ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਇੰਦਰਵੰਸ਼ ਸਿੰਘ ਚੱਢਾ, ਸ੍ਰੀਮਾਨ ਹਸਪਤਾਲ ਤੋਂ ਡਾ: ਕੁਸੁਮ ਠਾਕੁਰ ਅਤੇ ਰੋਟਰੀ ਕਲੱਬ ਤੋਂ ਡਾ: ਰੁਚੀ ਗੌੜ ਨੇ ਕੀਤਾ। ਵਲੰਟੀਅਰਾਂ ਨੂੰ ਉਤਸ਼ਾਹਿਤ ਕਰਨ ਲਈ ਵਿਧਾਇਕ ਕੇਂਦਰੀ ਰਮਨ ਅਰੋੜਾ, ਸੀਨੀਅਰ ਲੀਡਰਸ਼ਿਪ ਕਮਲਜੀਤ ਸਿੰਘ ਭਾਟੀਆ, ਸੂਬਾ ਸੰਯੁਕਤ ਸਕੱਤਰ ਆਤਮ ਪ੍ਰਕਾਸ਼ ਸਿੰਘ ਬਬਲੂ, ਸੂਬਾ ਸੰਯੁਕਤ ਸਕੱਤਰ ਵਪਾਰ ਵਿੰਗ ਰਿੱਕੀ ਮਨੋਚਾ, ਜ਼ਿਲ੍ਹਾ ਸਕੱਤਰ ਸੁਭਾਸ਼ ਸ਼ਰਮਾ, ਬੁੱਧੀਜੀਵੀ ਵਿੰਗ ਦੇ ਸੂਬਾ ਸੰਯੁਕਤ ਸਕੱਤਰ ਸੁਭਾਸ਼ ਪ੍ਰਭਾਕਰ, ਸੁਖਵਿੰਦਰ ਸਿੰਘ, ਸੋਸ਼ਲ ਮੀਡੀਆ ਇੰਚਾਰਜ ਸੰਜੀਵ ਭਗਤ, ਸ੍ਰੀਮਤੀ ਗੁਰਪ੍ਰੀਤ ਕੌਰ, ਸ੍ਰੀਮਤੀ ਮਨਦੀਪ ਨੌਟਾ, ਸ੍ਰੀਮਤੀ ਹਰਮਿੰਦਰ ਕੌਰ, ਜ਼ਿਲ੍ਹਾ ਪ੍ਰਧਾਨ ਬੁੱਧੀਜੀਵੀ ਵਿੰਗ ਪਰਮਜੀਤ ਅਰੋੜਾ, ਜਤਿੰਦਰ ਜਸੂਆ, ਤਜਿੰਦਰ ਸਿੰਘ ਰਾਮਪੁਰ, ਸੰਤੋਖ ਭਗਤ, ਬਲਵੰਤ ਭਾਟੀਆ ਦੇ ਨਾਲ ਸੁਖਜਿੰਦਰ ਸਿੰਘ ਸੰਧੂ, ਅਨਿਲ ਹਾਂਡਾ, ਨਿਪੁਨ ਜੈਨ, ਐਸ ਪੀ ਬਾਵਾ, ਬੌਬੀ ਢੱਲ, ਸੁਭਾਸ਼ ਚੰਦਰ, ਨਰੇਸ਼ ਸ਼ਰਮਾ, ਬੀ ਡੀ ਸ਼ਰਮਾ ਹਾਜਰ ਸਨ।

ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀ ਸੇਵ ਅਰਥ ਸੋਸਾਇਟੀ ਵੱਲੋਂ ਭਰੋਸਾ ਸ਼ਿਵਰ

ਜਲੰਧਰ (ਸ਼ੈਲੀ ਐਲਬਰਟ)- ਪ੍ਰਿੰਸੀਪਲ ਡਾਕਟਰ ਜਗਰੂਪ ਸਿੰਘ ਦੀ ਰਹਿਨੁਮਾਈ ਵਿੱਚ ਮੇਹਰ ਚੰਦ ਪੌਲੀਟੈਕਨਿਕ ਕਾਲਜ ਦੀ ਸੇਵ ਅਰਥ ਸੋਸਾਇਟੀ ਵੱਲੋਂ ਭਰੋਸਾ ਸ਼ਿਵਰ ਦਾ ਆਯੋਜਨ ਕੀਤਾ ਗਿਆ । ਸੋਸਾਇਟੀ ਦੇ ਪ੍ਰੈਜ਼ੀਡੈਂਟ ਡਾਕਟਰ ਸੰਜੇ ਬਾਂਸਲ ਨੇ ਦੱਸਿਆ ਕਿ ਇਸ ਸ਼ਿਵਰ ਦਾ ਆਯੋਜਨ ਹਰ ਸਮੈਸਟਰ ਵਿੱਚ ਕੀਤਾ ਜਾਂਦਾ ਹੈ, ਜਿਸਦਾ ਉਦੇਸ਼ ਪੜ੍ਹਾਈ ਵਿੱਚ ਪਿਛੜੇ ਹੋਏ ਜਾਂ ਘੱਟ ਹਾਜ਼ਰੀ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਲਈ ਪ੍ਰੇਰਿਤ ਕਰਨਾ ਹੈ । ਇਸ ਸ਼ਿਵਰ ਵਿੱਚ ਸਮਾਜ ਦੇ ਵਿਭਿੰਨ ਵਰਗਾਂ ਵਿੱਚੋਂ ਮੋਟੀਵੇਸ਼ਨਲ ਸਪੀਕਰ ਨੂੰ ਸੱਦਾ ਦਿੱਤਾ ਜਾਂਦਾ ਹੈ ਤਾਂ ਜੋ ਉਹ ਆਪਣੇ ਅਨੁਭਵ ਵਿਦਿਆਰਥੀਆਂ ਨਾਲ ਸਾਂਝੇ ਕਰਣ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰਣ । ਇਸ ਵਾਰ ਐਚ.ਐਮ.ਵੀ ਕਾਲਜ ਦੀ ਪ੍ਰੋਫੈਸਰ ਡਾਕਟਰ ਦੀਪਿਕਾ ਸਾਗਰ, ਜੋ ਸਰੀਰਿਕ ਰੂਪ ਤੋਂ ਅਕਸ਼ਮ ਬੱਚਿਆਂ ਦੇ ਲਈ ਸਕਸ਼ਮ ਨਾਮਕ ਐੱਨ ਜੀ ਓ ਵੀ ਚਲਾਉਂਦੇ ਹਨ । ਉਨ੍ਹਾਂ ਨੂੰ ਮੁੱਖ ਵਕਤਾ ਦੇ ਰੂਪ ਵਿੱਚ ਬੁਲਾਇਆ ਗਿਆ । ਪ੍ਰਿੰਸੀਪਲ ਡਾਕਟਰ ਜਗਰੂਪ ਸਿੰਘ, ਡਾਕਟਰ ਸੰਜੇ ਬਾਂਸਲ (ਫਾਰਮੇਸੀ ਵਿਭਾਗ ਦੇ ਮੁਖੀ ਅਤੇ ਸੋਸਾਇਟੀ ਪ੍ਰੈਜ਼ੀਡੈਂਟ), ਐਪਲਾਈਡ ਸਾਇੰਸ ਵਿਭਾਗ ਦੀ ਅਧਿਅਕਸ਼ਾ ਮੰਜੂ ਮਨਚੰਦਾ, ਸੋਸਾਇਟੀ ਦੀ ਵਾਈਸ ਪ੍ਰੈਜ਼ੀਡੈਂਟ ਮੀਨਾ ਬਾਂਸਲ ਨੇ ਡਾਕਟਰ ਦੀਪਿਕਾ ਬਾਂਸਲ ਦਾ ਸਵਾਗਤ ਕੀਤਾ । ਡਾਕਟਰ ਦੀਪਿਕਾ ਸਾਗਰ ਨੇ ਕਿਹਾ ਕਿ ਹਰ ਬੱਚੇ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੀ ਹੈ । ਸਾਨੂੰ ਸਿਰਫ ਉਸਨੂੰ ਪਹਿਚਾਨਣ ਦੀ ਜ਼ਰੂਰਤ ਹੈ । ਅਤੇ ਫਿਰ ਉਹਨੂੰ ਨਿਖਾਰਨ ਦੇ ਲਈ ਮੇਹਨਤ ਕਰਣ ਦੀ ਲੋੜ ਹੈ । ਉਨਾਂ ਨੇ ਕਿਹਾ ਕਿ ਸਮਾਜ ਵਿੱਚ ਇਸ ਤਰਾਂ ਦੀ ਕੋਈ ਸਮਸਿਆ ਨਹੀਂ ਹੈ, ਜਿਸਦਾ ਹੱਲ ਨਹੀਂ ਹੈ । ਸਾਨੂੰ ਆਪਣੀ ਸਮਸਿਆ ਨੂੰ ਆਪਣੇ ਮਾਤਾ-ਪਿਤਾ, ਅਧਿਆਪਕ, ਦੋਸਤ ਜਾਂ ਫਿਰ ਕੋਈ ਵੀ ਹੋਰ ਸ਼ੁਭਚਿੰਤਕ ਨਾਲ ਸਾਂਝਾ ਕਰਨਾ ਚਾਹੀਦਾ ਹੈ ।ਸੋਸਾਇਟੀ ਦੇ ਵਾਈਸ ਪ੍ਰੈਜ਼ੀਡੈਂਟ ਮੀਨਾ ਬਾਂਸਲ ਨੇ ਦੱਸਿਆ ਕਿ ਹਰ ਅਸਫਲਤਾ ਤੋਂ ਸਾਨੂੰ ਕੁੱਝ ਸਿੱਖਣਾ ਚਾਹੀਦਾ ਹੈ । ਇਹ ਸਮਾਂ ਆਤਮ ਅਵਲੋਕਨ ਦਾ ਹੁੰਦਾ ਹੈ । ਸਾਨੂੰ ਬਿਨਾਂ ਘਬਰਾਏ, ਬਿਨਾਂ ਹਿੰਮਤ ਹਾਰੇ, ਆਪਣੀਆਂ ਕਮੀਆਂ ਨੂੰ ਪਹਿਚਾਨਣਾ ਹੁੰਦਾ ਹੈ । ਅਤੇ ਫਿਰ ਆਪਣੇ ਲਕਸ਼ ਦੇ ਵੱਲ ਹਰ ਦਿਨ ਥੋੜੀ ਹਿੰਮਤ ਕਰਕੇ ਅੱਗੇ ਵੱਧਦੇ ਰਹਿਣਾ ਚਾਹੀਦਾ ਹੈ । ਮੰਚ ਦਾ ਸੰਚਾਲਨ ਡਾਕਟਰ ਨੀਤੂ ਸ਼ਰਮਾ ਨੇ ਕੀਤਾ । ਉਨਾਂ ਨੇ ਕਿਹਾ ਕਿ ਸਾਨੂੰ ਹਰ ਸਮੇਂ ਰੱਬ ਦਾ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਨਾਂ ਨੇ ਸਾਨੂੰ ਸਕਸ਼ਮ ਬਣਾਇਆ । ਉਹਨਾਂ ਨੇ ਦੱਸਿਆ ਕਿ ਸਾਨੂੰ ਅੱਖ ਕੰਨ ਦਾ ਚੰਗਾ ਪ੍ਰਯੋਗ ਕਰਨਾ ਚਾਹੀਦਾ ਹੈ ਅਤੇ ਮਨ ਸ਼ਾਂਤ ਰੱਖਣਾ ਚਾਹੀਦਾ ਹੈ ਤਾਂ ਜੋ ਅਸੀਂ ਚੰਗੇ ਵਕਤਾ ਅਤੇ ਚੰਗੇ ਸ਼੍ਰੋਤਾ ਬਣ ਸਕੀਏ । ਸਾਡੇ ਸਟੇਟ ਟੋਪਰਜ਼ ਲਕਸ਼, ਅਨਮੋਲ ਸਿੰਘ ਅਤੇ ਜਪਨੂਰ ਸਿੰਘ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਦੱਸਿਆ ਕਿ ਕਿਵੇਂ ਉਹਨਾਂ ਨੇ ਸਫਲਤਾ ਨੂੰ ਹਾਸਿਲ ਕੀਤਾ । ਇਸ ਮੌਕੇ ਤੇ ਡਾਕਟਰ ਸੰਜੇ ਬਾਂਸਲ, ਮੀਨਾ ਬਾਂਸਲ, ਮੰਜੂ ਮਨਚੰਦਾ, ਸਵਿਤਾ ਕੁਮਾਰੀ, ਨੀਤੂ ਸ਼ਰਮਾ, ਤਨੁਜ ਧਵਨ ਅਤੇ ਲਗਭਗ 80 ਵਿਦਿਆਰਥੀ ਮੌਜੂਦ ਸਨ ।

ਫੋਟੋਗ੍ਰਾਫਰਜ਼ ਐਸੋਸੀਏਸ਼ਨ ਵੱਲੋਂ ਕੈਨਨ ਵਰਕਸ਼ਾਪ

ਫਗਵਾੜਾ (ਕਮਲ ਰਾਏ) ਦਿ ਪੰਜਾਬ ਫੋਟੋਗ੍ਰਾਫਰਜ ਐਸੋਸੀਏਸ਼ਨ ਰਜਿ.ਦੀ ਸਰਪ੍ਰਸਤੀ ਹੇਠ ਇੰਟਰਨੈਸ਼ਨਲ ਕੈਮਰਾ ਕੰਪਨੀ ਕੈਨਨ ਦੀ ਵਰਕਸ਼ਾਪ ਐਸੋਸੀਏਸ਼ਨ ਦੀ ਫਗਵਾੜਾ ਯੂਨਿਟ ਫਗਵਾੜਾ ਫੋਟੋਗ੍ਰਾਫਰ ਐਸੋਸੀਏਸ਼ਨ (ਰਜਿ.) ਵੱਲੋਂ ਹੋਟਲ ਗ੍ਰੈਂਡ ਅੰਬੈਸਡਰ ਵਿਖੇ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਵਿੱਚ ਕੈਨਨ ਕੰਪਨੀ ਦੇ ਏਰੀਆ ਸੇਲਜ਼ ਮੈਨੇਜਰ ਕਪਿਲ ਫੋਤੇਦਾਰ, ਕੈਨਨ ਦੇ ਤਕਨੀਕੀ ਮਾਹਿਰ ਚਿਤਰਾਂਸ ਸਕਸੈਨਾ, ਪੀ.ਪੀ.ਏ. ਕੇਂਦਰੀ ਜੋਨ ਦੇ ਸਕੱਤਰ ਰਾਜੇਸ਼ ਅਧਿਆਏ, ਫਗਵਾੜਾ ਦੇ ਪ੍ਰਧਾਨ ਅਨਿਲ ਕੁਮਾਰ ਸ਼ਰਮਾ ਅਤੇ ਖਜਾਨਚੀ ਵਿਜੇ ਕੁਮਾਰ ਆਦਿ ਨੇ ਜਿੰਮੇਵਾਰੀ ਨਿਭਾਈ। ਵਰਕਸ਼ਾਪ ਵਿੱਚ ਮੌਜੂਦ ਫੋਟੋਗ੍ਰਾਫਰਾਂ ਨੇ ਫੋਟੋਗ੍ਰਾਫੀ ਦੇ ਤਕਨੀਕੀ ਗੁਰ ਸਿੱਖੇ। ਇਸ ਦੌਰਾਨ ਕੈਨਨ ਕੰਪਨੀ ਦੇ ਤਕਨੀਕੀ ਮਾਹਿਰ ਚਿਤਰਾਂਸ ਸਕਸੈਨਾ ਨੇ ਹਾਜਰ ਫੋਟੋਗ੍ਰਾਫਰ ਭਰਾਵਾਂ ਨੂੰ ਮਿਰਰ ਲੈਸ ਕੈਮਰਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਭਵਿੱਖ ਦੀ ਫੋਟੋਗ੍ਰਾਫੀ ਸਿਰਫ ਮਿਰਰ ਲੈਸ ਕੈਮਰਿਆਂ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ ਕਮਰਸ਼ੀਅਲ ਫੋਟੋਗ੍ਰਾਫੀ ਲਈ ਆਉਣ ਵਾਲੇ ਨਵੇਂ ਮਾਡਲ ਦੇ ਕੈਮਰਿਆਂ ਵਿੱਚ ਵੀ ਸਿਨੇਮਾ ਕੈਮਰਿਆਂ ਦੇ ਫੀਚਰਸ ਵੀ ਆ ਚੁੱਕੇ ਹਨ ਜਿਸ ਤੋਂ ਉੱਚ ਗੁਣਵੱਤਾ ਦੀ ਫੋਟੋਗ੍ਰਾਫੀ ਕੀਤੀ ਜਾ ਸਕਦੀ ਹੈ। ਪੀ.ਪੀ.ਏ ਕੇਂਦਰੀ ਜੋਨ ਦੇ ਸਕੱਤਰ ਰਾਜੇਸ ਅਧਿਆਏ ਨੇ ਕਿਹਾ ਕਿ ਅੱਜ ਅੰਤਰਰਾਸ਼ਟਰੀ ਮੰਚ 'ਤੇ ਹਰ ਕਾਰੋਬਾਰ 'ਚ ਨਵੇਂ ਬਦਲਾਅ ਆ ਰਹੇ ਹਨ। ਫੋਟੋਗ੍ਰਾਫਰਾਂ ਨੂੰ ਵੀ ਖਪਤਕਾਰ ਨੂੰ ਉਸਦੀ ਕਲਪਨਾ ਤੋਂ ਵੱਧ ਕੰਮ ਦੇਣ ਲਈ ਆਧੁਨਿਕ ਉਪਕਰਣਾਂ ਦੀ ਵਰਤੋਂ ਕਰਨੀ ਪਵੇਗੀ। ਐਸੋਸੀਏਸ਼ਨ ਦੇ ਮੈਂਬਰ ਰਾਮਪਾਲ, ਕਪਿਲ ਕੁਮਾਰ, ਰਾਕੇਸ਼ ਕੁਮਾਰ, ਮਦਨ ਲਾਲ, ਜਸਪਾਲ ਸਿੰਘ, ਸੁਮਿਤ ਖੰਨਾ, ਦੀਪ ਦਲਜੀਤ, ਗੋਵਿੰਦ ਧੀਮਾਨ, ਪਰਮਿੰਦਰ ਸਿੰਘ, ਬਿੱਲਾ ਛਾਂਗਾ, ਸੰਜੀਵ ਕੁਮਾਰ, ਸੋਨੂੰ ਸ਼ਰਮਾ, ਪਰਵੇਸ਼ ਕੁਮਾਰ ਸੁਰਿੰਦਰ ਕੁਮਾਰ, ਵਾਲੀਆ , ਗੁਰਦੀਪ ਸਿੰਘ ਆਦਿ ਹਾਜਰ ਸਨ।

ਨਗਰ ਸੁਧਾਰ ਟਰੱਸਟ ਵੱਲੋਂ ਰਿਹਾਇਸ਼/ਵਪਾਰਕ ਥਾਵਾਂ ਲਈ ਈ-ਆਕਸ਼ਨ 27 ਤੋਂ

ਰੂਪਨਗਰ (ਨਜ਼ਸ)- ਨਗਰ ਸੁਧਾਰ ਟਰੱਸਟ, ਰੂਪਨਗਰ ਵੱਲੋਂ ਵਲੋਂ ਚੋਣਵੀਆਂ ਰਿਹਾਇਸ਼/ਵਪਾਰਕ ਥਾਵਾਂ ਦੀ ਈ-ਆਕਸ਼ਨ 27 ਮਾਰਚ ਤੋਂ 29 ਮਾਰਚ ਤੱਕ ਕੀਤੀਆਂ ਜਾਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਰਜ ਸਾਧਕ ਅਫਸਰ ਪ੍ਰਮੋਦ ਭਾਟੀਆ ਨੇ ਦੱਸਿਆ ਕਿ ਜਿਹੜੇ ਵੀ ਵਿਅਕਤੀ ਰਿਹਾਇਸ਼ੀ ਜਾਂ ਕਮਰਸ਼ੀਅਲ ਥਾਂ ਲੈਣ ਦੇ ਚਾਹਵਾਨ ਹਨ ਉਹ 26 ਮਾਰਚ 2023 ਸ਼ਾਮ 5 ਵਜੇ ਤੱਕ ਈ-ਨਿਲਾਮੀ ਪੋਰਟਲ http://www.tenderwizard.com/DLGP ਤੇ ਨਿਲਾਮੀ ਨੰ: ITRU/2022-23/1A ਵਿਖੇ ਅਪਲਾਈ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਆਨਲਾਈਨ ਬੋਲੀ 27 ਮਾਰਚ ਸਵੇਰੇ 9 ਵਜੇ ਤੋਂ ਸ਼ੁਰੂ ਹੋ ਕੇ 29 ਮਾਰਚ ਸਾਮ 5 ਵਜੇ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ ਥਾਂ ਖ਼ੀਦਣ ਸਬੰਧੀ ਕਿਸੇ ਵੀ ਕੰਮ ਕਾਜ ਵਾਲੇ ਦਿਨ ਸਵੇਰੇ 9:00 ਵਜੇ ਤੋਂ 5:00 ਵਜੇ ਤੱਕ ਨਗਰ ਸੁਧਾਰ ਟਰੱਸਟ ਰੂਪਨਗਰ ਦੇ ਦਫਤਰ ਵਿਖੇ ਪਹੁੰਚ ਕਰਕੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਮਾਜ ਸ਼ਹੀਦ ਭਗਤ ਸਿੰਘ ਵੱਲੋਂ ਪਾਏ ਪੂਰਨਿਆਂ 'ਤੇ ਚੱਲੇ : ਰਾਜਾ ਵੜਿੰਗ

ਖਟਕੜ ਕਲਾਂ (ਅਵਤਾਰ ਕਲੇਰ)- ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਕਾਂਗਰਸ ਦੀ ਲੀਡਰਸ਼ਿਪ ਅਤੇ ਸਾਥੀਆਂ ਸਮੇਤ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਆਦਮ ਕਦ ਬੁੱਤ ਤੇ ਸ਼ਰਧਾ ਦੇ ਫੁੱਲ ਭੇਟ ਕਰਨ। ਸ਼ਹੀਦਾਂ ਨੂੰ ਸਿਜਦਾ ਕਰਨ ਪਹੁੰਚੇ। ਇਸ ਮੌਕੇ ਰਾਜਾ ਵੜਿੰਗ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਦੀ ਸੋਚ ਹੈ ਕਿ ਸਾਡਾ ਸਮਾਜ ਸ਼ਹੀਦ ਭਗਤ ਸਿੰਘ ਵਲੋਂ ਪਾਏ ਪੂਰਨਿਆਂ 'ਤੇ ਚੱਲੇ। ਨੌਜਵਾਨਾਂ ਦੇ ਅੱਜ ਵੀ ਉਹ ਪ੍ਰੇਰਨਾ ਸਰੋਤ ਹਨ ਅਤੇ ਰਹਿਣਗੇ। ਪੰਜਾਬ ਵਿਚ ਲਾ ਅਤੇ ਆਰਡਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਵਲੋਂ ਬਹੁਤ ਸਮਾਂ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ ਤੇ ਠੱਲ ਪਾਉਣ ਦੀ ਸਲਾਹ ਦਿੱਤੀ ਸੀ ਪਰ ਸਾਡੀ ਇੱਕ ਨਾ ਮਨੀ ਗਈ। ਉਨ੍ਹਾਂ ਕਿਹਾ ਕਿ 80, 90 ਹਜਾਰ ਜਵਾਨਾਂ ਦੀ ਸਕਿਉਰਿਟੀ ਵਿੱਚੋਂ ਅਮ੍ਰਿਤਪਾਲ ਦਾ ਭੱਜ ਜਾਣਾ ਸਰਕਾਰਾਂ ਵੱਡੀ ਨਾਲਾਇਕੀ ਹੈ। ਬੇਕਸੂਰੇ ਭੋਲੇ ਭਾਲੇ ਨੌਜਵਾਨ ਜੋ ਗੁਮਰਾਹ ਹੋ ਜਾਂਦੇ ਹਨ ਉਨ੍ਹਾਂ 'ਤੇ ਕੋਈ ਕਾਰਵਾਈ ਪੁਲਸ ਵਲੋਂ ਨਹੀਂ ਹੋਣੀ ਚਾਹੀਦੀ ਪਰ ਜਿਨ੍ਹਾਂ ਦੇ ਮਨਸੂਬੇ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੇ ਹਨ ਉਨ੍ਹਾਂ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ । ਪ੍ਰਧਾਨ ਨੇ ਕਿਹਾ ਪੰਜਾਬ ਵਿੱਚ ਸ਼ਾਂਤੀ ਲਿਆਉਣ ਲਈ ਕਾਂਗਰਸ ਪਾਰਟੀ ਦੇ ਲੀਡਰਾਂ ਵਲੋਂ ਵੱਡੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਦਿੱਤੀਆਂ ਗਈਆਂ ਹਨ।

ਇਸ ਮੌਕੇ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ, ਸਾਬਕਾ ਐਮ ਐਲ ਏ ਅੰਗਦ ਸਿੰਘ,ਸਾਬਕਾ ਐਮ ਐਲ ਏ ਤਰਲੋਚਨ ਸਿੰਘ ਸੂੰਢ, ਵਿਧਾਇਕ ਰਾਜ ਕੁਮਾਰ ਚੱਬੇਵਾਲ,ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਸਤਵੀਰ ਸਿੰਘ ਪੱਲੀਝਿੱਕੀ, ਸਾਬਕਾ ਨਗਰ ਕੌਂਸਲ ਬੰਗਾ ਪ੍ਰਧਾਨ ਜਤਿੰਦਰ ਕੌਰ ਮੂੰਗਾ,ਸਚਿਨ ਦੀਵਾਨ, ਸੁਰਜੀਤ ਸਹੋਤਾ, ਕੁਲਵਰਨ ਸਿੰਘ ਬਾਂਦੀਆਂ ਬਲਾਕ

26-March-Sunday.qxd 3/25/2023 9:47 PM Page 3

ਮਿੰਨੀ ਕਹਾਣੀਆਂ

ਕਮਾਨੀਦਾਰ ਚਾਕੂ

ਸ਼ਹਿਰ ਦੀ ਫ਼ਿਜ਼ਾ ਬੜੀ ਮਾੜੀ ਸੀ। ਇੰਨੀ ਮਾੜੀ ਕਿ ਕਿਸੇ ਵੀ ਸਮੇਂ ਕੋਈ ਘਟਨਾ ਘਟ ਸਕਦੀ ਸੀ। ਅਗਜ਼ਨੀ, ਖ਼ੂਨ-ਖ਼ਰਾਬੇ ਤੇ ਲੁੱਟਮਾਰ ਦੀਆਂ ਘਟਨਾਵਾਂ ਆਮ ਸਨ।

ਉਹ ਜਦੋਂ ਵੀ ਘਰੋਂ ਨਿਕਲਦਾ, ਉਹਦੀ ਪਤਨੀ ਉਹਦੇ ਘਰ ਮੁੜਨ ਦੀਆਂ ਸੌ-ਸੌ ਸੁੱਖਣਾ ਸੁੱਖਦੀ ਸੀ। ਉਹ ਜਦ ਤੱਕ ਘਰ ਪਰਤ ਕੇ ਨਾ ਆਉਂਦਾ, ਉਹਦੀ ਪਤਨੀ ਨੂੰ ਚੈਨ ਨਾ ਆਉਂਦਾ। ਉਹਦਾ ਇਕ ਪੈਰ ਘਰ ਦੇ ਅੰਦਰ ਤੇ ਇਕ ਬਾਹਰ ਹੁੰਦਾ। ਉਹ ਵਾਰ-ਵਾਰ ਡਿਊੜੀ ਦੇ ਬੂਹੇ ਕੋਲ ਜਾਂਦੀ ਤੇ ਵਾਰ-ਵਾਰ ਮੁੜ ਆਉਂਦੀ। ਉਹ ਵੀ ਹੁਣ ਜਦੋਂ ਘਰੋਂ ਬਾਹਰ ਨਿਕਲਦਾ, ਆਪਣੀ ਜੇਬ ਵਿਚ ਸਦਾ ਇਕ ਕਮਾਨੀਦਾਰ ਚਾਕੂ ਰੱਖਦਾ ਤੇ ਸੋਚਦਾ, ਜੇ ਕਦੇ ਮੇਰੇ ਕਾਬੂ ਕੋਈ ਭੈੜਾ ਅਨਸਰ ਆ ਗਿਆ ਤਾਂ ਉਹਦੀਆਂ ਇਕ ਵਾਰ ਤਾਂ ਆਂਦਰਾਂ ਕੱਢ ਦਿਆਂਗਾ।

ਉਹ ਸੋਚਦਾ-ਸੋਚਦਾ ਹੀ ਜਾ ਰਿਹਾ ਸੀ ਕਿ ਅਚਾਨਕ ਬਾਜ਼ਾਰ ਦਾ ਇਕ ਮੋੜ ਆਉਣ 'ਤੇ ਉਹਦਾ ਸਕੂਟਰ ਕਿਰ...ਰਿਚ ਕਰਦਾ ਸੜਕ 'ਤੇ ਫਿਸਲ ਗਿਆ ਤੇ ਉਹ ਮੂੰਹ ਦੇ ਮੂੰਹ ਡਿੱਗ ਪਿਆ।

ਉਸੇ ਵੇਲੇ ਦੂਜੇ ਫਿਰਕੇ ਦੇ ਅੱਧਖੜ ਉਮਰ ਦੇ ਦੋ ਆਦਮੀ ਉਹਦੇ ਵੱਲ ਦੌੜੇ-ਦੌੜੇ ਆਏ।

ਉਹ ਦਹਿਲ ਗਿਆ, ਪਰ ਹਿੰਮਤ ਕਰਕੇ ਫੌਰਨ ਉਠਿਆ। ਉਹਨੇ ਜਿਸਮ ਦੇ ਕਈ ਥਾਂਵਾਂ 'ਤੇ ਆਈਆਂ ਖਰੋਚਾਂ ਦੀ ਵੀ ਪ੍ਰਵਾਹ ਨਾ ਕੀਤੀ। ਉਹਨੇ ਛੇਤੀ ਨਾਲ ਆਪਣਾ ਹੱਥ ਆਪਣੀ ਜੇਬ ਵੱਲ ਵਧਾਇਆ।

ਪਰ ਜੇਬ ਵਿਚ ਕੁਝ ਨਹੀਂ ਸੀ।

"ਪੁੱਤਰ, ਸੱਟ ਤਾਂ ਨਹੀਂ ਲੱਗੀ!" ਦੋ ਆਦਮੀਆਂ ਵਿੱਚੋਂ ਇਕ ਨੇ ਉਹਨੂੰ ਆਖਿਆ।

"ਨਹੀਂ!" ਉਹਨੇ ਹੌਲੀ ਜਿਹੀ ਕਿਹਾ ਤੇ ਸਕੂਟਰ ਸਿੱਧਾ ਖੜ੍ਹਾ ਕਰਕੇ ਸਟਾਰਟ ਕਰਨ ਲੱਗਾ।

"ਪੁੱਤਰ, ਤੇਰਾ ਚਾਕੂ!" ਦੂਜੇ ਆਦਮੀ ਨੇ ਥੋੜ੍ਹੀ ਵਿੱਥ ਤੋਂ ਉਹਦਾ ਡਿਗਿਆ ਹੋਇਆ ਚਾਕੂ ਚੁੱਕ ਕੇ, ਉਹਨੂੰ ਫੜਾਂਦਿਆਂ ਆਖਿਆ।

ਉਹਨੇ ਇਕ ਨਜ਼ਰ ਦੋਵਾਂ ਆਦਮੀਆਂ ਵੱਲ ਵੇਖਿਆ ਤੇ ਨੀਵੀਂ ਪਾਈ ਚਾਕੂ ਫੜੇ ਬਿਨਾਂ ਹੀ, ਸਕੂਟਰ ਸਟਾਰਟ ਕਰਕੇ ਉਥੋਂ ਚੱਲ ਪਿਆ।

- ਜਗਦੀਸ਼ ਅਰਮਾਨੀ

ਗਰੀਬਾਂ ਦੀਆਂ ਜਾਈਆਂ

ਮੁਕਲਾਵੇ ਗਈ ਜਦੋਂ ਉਹ ਅੱਜ ਪਹਿਲੀ ਵਾਰ ਪੇਕਿਆਂ ਦੇ ਪਿੰਡ ਦੇ ਬੱਸ ਅੱਡੇ ਉੱਤੇ ਉਤਰੀ ਤਾਂ ਉਹਨੂੰ ਪਿੰਡ ਦਾ ਬੱਸ ਅੱਡਾ, ਜਿੱਥੋਂ ਉਹ ਨਿੱਤ ਘਾਹ ਦੀ ਪੰਡ ਲੈ ਕੇ ਗੁਜ਼ਰਦੀ ਸੀ, ਕੁਝ ਬਦਲਿਆ-ਬਦਲਿਆ ਜਾਪਿਆ।

"ਐਡੀ ਛੇਤੀ ਐਨਾ ਕੁੱਝ ਕਿਵੇਂ ਬਦਲ ਗਿਆ?" ਉਹ ਬੁੜਬੁੜਾਈ। ਵਾਸਤਵ ਵਿਚ ਤਾਂ ਕੁਝ ਵੀ ਨਹੀਂ ਸੀ ਬਦਲਿਆ, ਐਵੇਂ ਉਸ ਦਾ ਵਹਿਮ ਸੀ।

"ਕੁੜੇ ਭੁੱਚੋ, ਤਕੜੀ ਐਂ? ਫਲ- ਰੂਟ ਦੀ ਰੇੜ੍ਹੀ ਲਾਉਣ ਵਾਲੇ ਵਿਹੜੇ ਵਿੱਚੋਂ ਲਗਦੇ ਤਾਏ ਨੇ ਉਹਦੀ 'ਸੁੱਖ-ਸਾਂਦ' ਪੁੱਛੀ।

ਤੇ ਉਹਨੂੰ ਇਉਂ ਲੱਗਾ ਜਿਵੇਂ ਤਾਏ ਨੇ ਉਹਦਾ ਅਪਮਾਨ ਕੀਤਾ ਹੋਵੇ। ਉਹਦਾ ਮਨ ਬੁਝ ਗਿਆ। ਉਹ ਕਹਿਣਾ ਚਾਹੁੰਦੀ ਸੀ, 'ਤਾਇਆ, ਹੁਣ ਮੈਂ ਭੁੱਚੋ ਨਹੀਂ, ਭੁਪਿੰਦਰ ਕੌਰ ਹਾਂ, ਭੁਪਿੰਦਰ ਕੌਰ।'

"ਹਾਂ ਤਾਇਆ, ਤਕੜੀ ਆਂ।" ਕਹਿ ਕੇ ਉਹ ਆਪਣੇ ਖਾਵੰਦ ਦੇ ਲਾਗੇ ਹੋ ਕੇ ਬੋਲੀ, "ਜਵਾਕਾਂ ਆਸਤੇ ਕੋਈ ਚੀਜ਼ ਲੈ ਲਈਏ?"

"ਹਾਂ ਲੈ ਲੈ।" ਉਹਨੂੰ ਵੀ ਹੁਣ ਚੇਤਾ ਆਇਆ ਸੀ ਕਿ ਪਹਿਲੀ ਵਾਰ ਸਹੁਰਿਆਂ ਦੇ ਘਰ ਖਾਲੀ ਹੱਥ ਨਹੀਂ ਜਾਈਦਾ।

ਭੁੱਚੋ ਦੇ ਪੁੱਛਣ 'ਤੇ ਰੇੜ੍ਹੀ ਵਾਲੇ ਨੇ ਦੱਸਿਆ, "ਕੇਲੇ ਚੌਦਾਂ ਰੁਪਏ ਦਰਜਨ ਸੰਤਰੇ ਚੌਵੀ ਰੁਪਏ ਤੇ ਸੇਬ।"

'ਵੱਡੇ ਤਿੰਨੇ ਭਰਾਵਾਂ ਦਾ ਕਿੰਨਾ ਜਵਾਕ-ਜੱਲਾ ਐ, ਦਰਜਨ ਕੇਲਿਆਂ 'ਚ ਤਾਂ ਇਕ-ਇਕ ਵੀ ਹਿੱਸੇ ਨਹੀਂ ਆਉਣਾ।' ਭੁੱਚੋ ਨੇ ਸੋਚਿਆ ਤੇ ਮਲਵੀਂ ਜਿਹੀ ਆਵਾਜ਼ ਵਿਚ ਘਰਵਾਲੇ ਨੂੰ ਪੁੱਛਿਆ, "ਕਿੰਨੇ ਲਈਏ?"

"ਵੇਖ ਲੈ, ਜੇ ਦਸਾਂ ਤੋਂ ਵੱਧ ਖਰਚੇ ਤਾਂ ਮੁੜਨ ਜੋਗਾ ਭਾੜਾ ਨਹੀਂ ਬਚਣਾ।"

"ਹਾਏ ਰੱਬਾ!" ਇਕ ਲੰਮਾ ਹਉਕਾ ਉਹਦੇ ਧੁਰ ਅੰਦਰ ਅੱਗ ਦੀ ਲਾਟ ਵਾਂਗ ਫਿਰ ਗਿਆ'ਅਸੀਂ ਗਰੀਬਾਂ ਦੀਆਂ ਜਾਈਆਂ, ਪੇਕਿਆਂ ਦੇ ਪਿੰਡ ਵੀ ਭੁੱਚੋ ਤੇ ਸਹੁਰਿਆਂ ਦੇ ਪਿੰਡ ਵੀ ਭੁੱਚੋ!'

ਤੇ ਹੁਣ ਭੁੱਚੋ ਨੇ ਇਉਂ ਮਹਿਸੂਸ ਕੀਤਾ, ਜਿਵੇਂ ਕਿ ਉਹ ਵਿਆਈਆਂ ਪਾਟੇ ਨੰਗੇ ਪੈਰੀਂ, ਪੱਠਿਆਂ ਦੀ ਪਹਿਲਾਂ ਨਾਲੋਂ ਵੀ ਭਾਰੀ ਪੰਡ ਲੈ ਕੇ ਅੱਡੇ ਵਿਚ ਦੀ ਲੰਘ ਰਹੀ ਹੋਵੇ।

- ਪ੍ਰੀਤ ਨੀਤਪੁਰ

ਸਾਂਝੀਦਾਰ

ਉਸ ਦਸ-ਗਿਆਰਾਂ ਸਾਲਾਂ ਦੇ ਮੁੰਡੇ ਦਾ ਆਪਣੇ ਸਾਈਕਲ ਉੱਤੇ ਕਾਬੂ ਨਾ ਰਿਹਾ ਅਤੇ ਉਹ ਸਾਈਕਲ ਸਣੇ ਸੜਕ ਦੇ ਵਿਚਕਾਰ ਧੜੈਮ ਦੇ ਕੇ ਜਾ ਡਿੱਗਿਆ। ਸਾਈਕਲ ਦੇ ਪਿੱਛੇ ਖੁਰਜੀ ਵਿਚ ਲੱਦੀਆਂ ਖਾਲੀ ਬੋਤਲਾਂ ਵੀ ਸੜਕ ਉੱਤੇ ਖਿੱਲਰ ਗਈਆਂ। ਉਹਨਾਂ ਵਿਚੋਂ ਕੁੱਝ ਫੁੱਟ ਕੇ ਕੀਚਰ-ਕੀਚਰ ਹੋ ਗਈਆਂ।

ਦੇਖਣ ਵਾਲੇ ਖਿੜਖਿੜਾ ਕੇ ਹੱਸ ਪਏ।

"ਸਾਲੇ ਤੋਂ ਆਪਦਾ ਆਪ ਸੰਭਦਾ ਨੀਂ .. ਥੱਲੇ ਸੈਂਕਲ ਪਹਿਲਾਂ ਦੇ ਲਿਆ।" ਪਹਿਲਾ ਬੋਲਿਆ।

"ਇਹੋ ਜੇ ਮਾਂ-ਪਿਓ ਐ, ਜੇਹੜੇ ਆਈਂ ਜੁਆਕਾਂ ਨੂੰ ਜਾਣਬੁੱਝ ਕੇ ਮਰਨ ਵਾਸਤੇ ਤੋਰ ਦਿੰਦੇ ਐ, ਬਈ ਇਹਦੀ ਕੋਈ ਉਮਰ ਐ ਹਾਲੇ ਸੈਂਕਲ 'ਤੇ ਏਨਾ ਭਾਰ ਖਿੱਚਣ ਦੀ।" ਦੂਸਰੇ ਨੇ ਕਿਹਾ।

ਪਰ ਤੀਸਰੇ ਵਿਅਕਤੀ ਨੇ ਭੱਜ ਕੇ ਕਾਹਲੀ ਨਾਲ ਉਸ ਨੂੰ ਖੜਾ ਕੀਤਾ, "ਸੱਟ ਤਾਂ ਨੀ ਵੱਜੀ, ਸ਼ੇਰਾ!" ਉਸ ਨੂੰ ਆਪਣਾ ਮੁੰਡਾ ਮੱਖਣ ਯਾਦ ਆਇਆ ਤਾਂ ਉਸ ਨੇ ਸੜਕ 'ਤੇ ਖਿੱਲਰੀਆਂ ਖਾਲੀ ਬੋਤਲਾਂ ਚੁੱਕ-ਚੁੱਕ ਕੇ ਉਸ ਮੁੰਡੇ ਦੀ ਖੁਰਜੀ ਵਿਚ ਪਾਉਣੀਆਂ ਸ਼ੁਰੂ ਕਰ ਦਿੱਤੀਆਂ, "ਸੈਂਕਲ ਧਿਆਨ ਨਾਲ ਚਲਾਇਆ ਕਰ ਪੁੱਤ!"

ਉਸ ਨੇ ਉਸ ਦੇ ਸਿਰ ਉੱਤੇ ਹੱਥ ਫੇਰਦਿਆਂ ਕਿਹਾ।

"ਖਾਲੀ ਬੋਤਲਾਂ, ਪੀਪੀਆਂ-ਪੀਪੇ, ਰੱਦੀ ਵੇਚ ਲੈ।"

ਥੋੜ੍ਹੀ ਦੂਰ ਜਾ ਕੇ ਉਸ ਮੁੰਡੇ ਨੇ ਭਰਵਾਂ ਜਿਹਾ ਹੋਕਰਾ ਮਾਰਿਆ ਤਾਂ ਉਸ ਤੀਸਰੇ ਵਿਅਕਤੀ ਦਾ ਮਨ ਤਸੱਲੀ ਨਾਲ ਭਰ ਗਿਆ, ਜਿਵੇਂ ਸਾਈਕਲ ਉੱਤੇ ਪਿੰਡਾਂ ਵਿਚ ਜਾ ਕੇ ਸਬਜ਼ੀ ਵੇਚ ਰਿਹਾ ਉਸ ਦਾ ਆਪਣਾ ਮੁੰਡਾ ਮੱਖਣ ਹੋਕਾ ਲਾ ਰਿਹਾ ਹੋਵੇ, "ਆਲੂ, ਗੋਭੀ, ਬੈਂਗਣ ਏ।"

- ਦਰਸ਼ਨ ਮਿਤਵਾ

ਖੁਸ਼ਬੋਈਆਂ

ਉਹ ਮੇਰੀ ਜਮਾਤਣ ਸੀ। ਉਂਜ ਤਾਂ ਮੈਂ ਵੀ ਹੁਸ਼ਿਆਰ ਸੀ, ਪਰ ਉਹ ਮੈਥੋਂ ਵੀ ਹੁਸ਼ਿਆਰ ਸੀ। ਫਿਜ਼ਿਕਸ ਵਿਚ ਉਸ ਨੂੰ ਗੋਲਡ ਮੈਡਲ ਮਿਲਿਆ ਤੇ ਮੈਨੂੰ ਬ੍ਰੋਨਜ। ਉਹ ਵੀਜ਼ਾ ਲੈ ਕੇ ਕੈਲੇਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਚਲੀ ਗਈ ਤੇ ਉੱਥੇ ਹੀ ਇਕ ਪ੍ਰੋਫੈਸਰ (ਜੋ ਪਾਕਿਸਤਾਨੀ ਸੀ) ਨਾਲ ਰਚ-ਮਿਚ ਗਈ।

ਇਤਫ਼ਾਕ ਨਾਲ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉਸ ਯੂਨੀਵਰਸਿਟੀ ਖੋਜ-ਪੱਤਰ ਪੜ੍ਹਨ ਗਿਆ। ਯੂਨੀਵਰਸਿਟੀ ਨੇ ਮੈਨੂੰ ਆਪਣੇ ਆਲੀਸ਼ਾਨ ਗੈਸਟ ਹਾਊਸ ਵਿਚ ਠਹਿਰਾਇਆ। ਮੈਂ ਦੋ ਦਿਨ ਪਿੱਛੋਂ ਖੋਜ-ਪੱਤਰ ਪੜ੍ਹਨਾ ਸੀ। ਇਕ ਦਿਨ ਹਵਾਈ ਜਹਾਜ਼ ਦੇ ਲੰਮੇ ਸਫਰ ਦਾ ਥਕੇਵਾਂ ਲੱਥਿਆ ਤੇ ਅਗਲੇ ਦਿਨ ਉਸ ਨੂੰ ਫੋਨ ਕੀਤਾ। ਉਸ ਨੇ ਪਹਿਲਾਂ ਆਪਣੇ ਸਾਥੀ ਨੂੰ ਪੁੱਛਿਆ ਤੇ ਫੇਰ ਕਿਹਾ, "ਸਾਨੂੰ ਖੁਸ਼ੀ ਹੋਵੇਗੀ ਜੋ ਤੁਸੀਂ ਲੰਚ 'ਤੇ ਸਾਡੇ ਨਾਲ ਸ਼ਿਰਕਤ ਕਰੋ।"

ਮੈਂ ਨਿਸ਼ਚਿਤ ਸਮੇਂ ਉਨ੍ਹਾਂ ਦੇ ਘਰ ਪੁੱਜ ਗਿਆ। ਪਤੀ ਪਤਨੀ ਨੇ ਮੈਨੂੰ ਘੁੱਟ-ਘੁੱਟ ਜੱਫੀਆਂ ਪਾਈਆਂ। ਮੈਨੂੰ ਲੱਗਾ, ਦੋ ਦੋਸਤ ਹੀ ਨਹੀਂ, ਸਮੁੱਚੀ ਹਯਾਤੀ ਹੀ ਜੱਫੀਆਂ ਪਾ ਰਹੀ ਹੈ। ਨਿੱਘ ਜਿਹਾ, ਸਕੂਨ ਜਿਹਾ, ਸ਼ਫੂਨ ਦੇ ਕੱਪੜੇ ਵਰਗਾ। ਮੁਲਾਇਮ ਮੁਲਾਇਮ।

ਲੰਚ ਲੈਣ ਪਿੱਛੋਂ ਸੁਸ਼ਮਾ ਦੇ ਪਤੀ ਨੇ ਕਿਸੇ ਕੰਮ ਕਾਰਨ ਜਾਣ ਦੀ ਆਗਿਆ ਲਈ ਤੇ ਚਲਾ ਗਿਆ। ਰਹਿ ਗਏ ਅਸੀਂ ਸੁਸ਼ਮਾ ਤੇ ਮੈਂ।

ਆਲਾ-ਦੁਆਲਾ ਭੁੱਲ ਗਏ। ਆਪਣੇ ਕਾਲਜ ਤੇ ਯੂਨੀਵਰਸਿਟੀ ਦੇ ਗੇੜੇ ਕੱਢਣ ਲੱਗੇ। ਪੁਰਾਣੀਆਂ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਠਹਾਕੇ ਮਾਰ-ਮਾਰ ਹੱਸੇ। ਕੋਈ ਦੋ ਤਿੰਨ ਘੰਟੇ ਅਸੀਂ ਪੁਰਾਣੀਆਂ ਯਾਦਾਂ ਦੀਆਂ ਫੁਲਝੜੀਆਂ ਨਾਲ ਰੋਸ਼ਨ ਹੁੰਦੇ ਰਹੇ। ਅਚਨਚੇਤ ਸਾਨੂੰ ਪ੍ਰੋਫੈਸਰ 'ਸਿੱਧਰਾ' ਯਾਦ ਆ ਗਿਆ। ਉਹ ਅਕਸਰ ਕਹਿੰਦਾ ਹੁੰਦਾ ਸੀ, ਦਿਲਾਂ ਦੇ ਵਿਚਾਲੇ ਦਾ ਸੰਸਾਰ ਆਬਸ਼ਾਰ ਹੈ, ਖੁਸ਼ਬੋ ਨਹੀਂ। ਖੁਸ਼ਬੋਈ ਤਾਂ ਤੁਹਾਡੇ ਰਿਸ਼ਤਿਆਂ 'ਚ ਕਿਤੇ ਹੋਰ ਵਸਦੀ ਹੈ।

ਸੁਸ਼ਮਾ ਦਾ ਪਤੀ ਪਰਤ ਆਇਆ। ਸਾਨੂੰ ਹੌਲੇ-ਫੁੱਲ ਤੇ ਖਿੜੇ-ਪੁੜੇ ਦੇਖ ਆਪ ਵੀ ਖਿੜ ਗਿਆ, "ਮੈਂ ਤਾਂ ਹੀ ਤਾਂ ਚਲਾ ਗਿਆ ਸੀ ਕਿ ਤੁਸੀਂ ਆਪਣੀਆਂ ਯਾਦਾਂ ਦੀਆਂ ਵਾਦੀਆਂ ਵਿਚ ਪਰਵਾਜ ਕਰ ਸਕੋ ਤੇ ਆਪਣੀਆਂ ਖੁਸ਼ਬੋਈਆਂ ਨੂੰ ਗਲਵੱਕੜੀਆਂ ਪਾ ਸਕੋ। ਤੁਸੀਂ ਦੋਵੇਂ ਫੁੱਲਾਂ ਵਾਂਗ ਲੱਗਦੇ ਹੋ। ਮਹਿਕਦੇ। ਕੱਲ੍ਹ ਨੂੰ ਜਦੋਂ ਚਾਅ ਨਾਲ ਖੋਜ-ਪੱਤਰ ਪੜ੍ਹੇਂਗਾ ਤਾਂ ਇਹ ਖੁਸ਼ਬੋਈਆਂ ਦੇ ਪਲ ਤੇਰੇ ਨਾਲ ਤੁਰਨਗੇ।"

- ਤ੍ਰਿਪਤ ਭੱਟੀ

ਸਵੈ-ਮਾਣ

ਸ਼ਕਲੋਂ ਸੂਰਤੋਂ ਉਹ ਨੌਜੁਆਨ ਰਿਕਸ਼ਾ ਚਾਲਕ, ਪੜ੍ਹਿਆ-ਲਿਖਿਆ ਜਾਪਦਾ ਸੀ। ਰਿਕਸ਼ੇ ਵਿੱਚ ਬੈਠਿਆਂ ਮੈਂ ਮਹਿਸੂਸ ਕਰ ਰਿਹਾ ਸੀ ਕਿ ਉਸ ਦੀ ਕਮੀਜ਼ ਕਈ ਥਾਵਾਂ ਤੋਂ ਫਟੀ ਹੋਈ ਸੀ। ਇਵੇਂ ਲਗਦਾ ਸੀ ਕਿ ਉਸ ਦੀ ਸਿਲਾਈ ਕਈ ਵਾਰੀ ਹੋ ਚੁੱਕੀ ਸੀ, ਪਰ ਕਮੀਜ਼, ਜਿਵੇਂ ਛੋਟੇ ਰਹਿਣ ਲਈ ਹੀ ਬਾ-ਜ਼ਿੱਦ ਸੀ।

"ਕਿਤਨੀਆਂ ਨਵੀਆਂ-ਨਵੀਆਂ ਕਮੀਜ਼ਾਂ ਮੇਰੀ ਅਲਮਾਰੀ ਵਿਚ ਰੁਲ ਰਹੀਆਂ ਹਨ, ਕਿਉਂ ਨਾ ਇਕ ਅੱਧ ਇਸ ਨੂੰ ਹੀ ਦੇ ਦੇਵਾਂ।" ਮੈਂ ਆਪਣੇ-ਆਪ ਨਾਲ ਗੱਲ ਕੀਤੀ।

ਜਦੋਂ ਰਿਕਸ਼ਾ ਮੇਰੇ ਘਰ ਅੱਗੇ ਰੁਕੀ ਤਾਂ ਮੈਂ ਕੁਝ ਝਕਦਿਆਂ-ਝਕਦਿਆਂ ਕਿਹਾ, "ਵੀਰਾ ਤੇਰੀ ਕਮੀਜ਼ ਦੀ ਹਾਲਤ ਕਾਫੀ ਖਸਤਾ ਏ, ਜੇ ਤੂੰ ਬੁਰਾ ਨਾ ਮੰਨੇ ਤਾਂ ਇਕ ਮਿੰਟ ਰੁਕ, ਮੈਂ ਤੈਨੂੰ ਅੰਦਰੋਂ ਇਕ ਕਮੀਜ਼ ਲਿਆ ਦਿੰਦਾ ਹਾਂ।"

"ਨਹੀਂ ਸਰਦਾਰ ਜੀ। ਫਟੀ ਹੋਈ ਕਮੀਜ਼ ਤਾਂ ਮੈਂ ਜਾਣ-ਬੁਝ ਕੇ ਪਾਈ ਹੈ। ਇਸ ਵਿਚ ਗਰਮੀ ਘੱਟ ਲਗਦੀ ਹੈ।" ਮੁਸਕਰਾ ਕੇ ਕਹਿੰਦਿਆਂ ਉਸ ਨੇ ਰਿਕਸ਼ਾ ਤਾਂ ਅੱਗੇ ਤੋਰ ਲਿਆ ਪਰ ਉਸ ਦੇ ਸਵੈ-ਮਾਣ ਦੀ ਬੁੱਕਲ ਵਿਚ ਉਸ ਦੀ ਵਿਰਲਾਪ ਕਰਦੀ ਲਾਚਾਰੀ, ਮੇਰੀਆਂ ਅੱਖਾਂ ਤੋਂ ਛੁਪੀ ਨਾ ਰਹਿ ਸਕੀ।

-o-

ਹੋਮ ਵਰਕ / ਸ਼ਰਨ ਮੱਕੜ

"ਰਚਨਾ, ਮੁੱਕਾ ਨਹੀਂ ਅਜੇ ਤੇਰਾ ਹੋਮ ਵਰਕ।"

ਬਹੁਤ ਸਾਰੀਆਂ ਕਿਤਾਬਾਂ ਖਿਲਾਰੀ ਬੈਠੀ ਹੋਮ ਵਰਕ ਕਰਦੀ ਰਚਨਾ ਨੂੰ ਮੈਂ ਪੁੱਛਿਆ।

"ਨਹੀਂ ਆਂਟੀ, ਅਜੇ ਤਾਂ ਮੈਂ ਸਮਜ਼ ਕਰਨੇ ਨੇ। ਇੰਗਲਿਸ਼ ਦੀ ਡਿਕਟੇਸ਼ਨ ਲਰਨ ਕਰਨੀ ਹੈ।"

ਨਿੱਕੀ ਜਿਹੀ ਕੁੜੀ ਦੇ ਸਿਰ 'ਤੇ ਹੋਮ ਵਰਕ ਦੀ ਭਾਰੀ ਪੰਡ ਸੀ।

"ਕਿਹੜੀ ਕਲਾਸ ਵਿਚ ਪੜ੍ਹਦੀ ਏ ਰਚਨਾ?"

"ਥਰਡ ਬੀ ਵਿਚ ਆਂਟੀ।" ਉਹਦੀਆਂ ਏਨੀਆਂ ਸਾਰੀਆਂ ਕਿਤਾਬਾਂ ਦੇਖ ਕੇ ਮੈਨੂੰ ਹੈਰਾਨੀ ਹੋ ਰਹੀ ਸੀ।

"ਇਹ ਸਾਰੀਆਂ ਬੁੱਕਸ ਤੇਰੀਆਂ ਨੇ", ਮੇਰੇ ਏਸ ਸਵਾਲ 'ਤੇ ਉਹ ਮੁਸਕਰਾਈ। ਮੈਨੂੰ ਆਪਣਾ ਵਕਤ ਯਾਦ ਆਇਆ। ਸਾਡੇ ਵੇਲੇ ਤਾਂ ਇਹਨਾਂ ਜਮਾਤਾਂ ਵਿਚ ਬਸ ਬਹੁਤ ਥੋੜ੍ਹੀਆਂ ਕਿਤਾਬਾਂ ਕਾਪੀਆਂ ਹੁੰਦੀਆਂ ਸਨ। ਉਹ ਵੀ ਖ਼ੀਦ ਕੇ ਦੇਣ ਸਮੇਂ ਮਾਂ ਬੁੜਬੁੜ ਕਰਦੀ ਸੀ।

"ਅੱਛਾ ਰਚਨਾ, ਤੇਰਾ ਵੀਰ ਵੀ ਤਾਂ ਤੇਰੇ ਸਕੂਲ 'ਚ ਹੀ ਪੜ੍ਹਦਾ ਹੈ?"

"ਨਹੀਂ ਆਂਟੀ ਉਹ ਹਾਈ ਸਕੂਲ ਪੜ੍ਹਦਾ। ਜਦੋਂ ਮੈਂ ਹਾਈ ਸਕੂਲ ਜਾਵਾਂਗੀ ਫੇਰ ਮੈਨੂੰ ਵੀ ਡੈਡੀ ਸਾਈਕਲ ਲੈ ਦੇਣਗੇ। ਮੈਂ ਆਪਣਾ ਬੈਗ ਸਾਈਕਲ ਦੇ ਕੈਰੀਅਰ 'ਤੇ ਰੱਖ ਕੇ ਸਕੂਲ ਜਾਵਾਂਗੀ।"

"ਅੱਛਾ ਇਹ ਦੱਸ, ਹਾਈ ਸਕੂਲ ਪਾਸ ਕਰਕੇ ਫੇਰ ਕੀ ਕਰੇਂਗੀ?"

"ਫੇਰ..ਫੇਰ ਮੈਂ ਰਿਤੂ ਭੂਆ ਵਾਂਗ ਇੱਕ ਕਾਪੀ ਲੈ ਕੇ ਕਾਲਜ ਜਾਵਾਂਗੀ।"

"ਕਾਲਜ ਤੋਂ ਬਾਅਦ ਕੀ ਕਰੇਂਗੀ?" ਮੇਰਾ ਖਿਆਲ ਸੀ, ਉਹ ਆਖੇਗੀ ਫੇਰ ਮੇਰੀ ਵੀ ਸ਼ਾਦੀ ਹੋ ਜਾਵੇਗੀ ਰੀਤਾ ਭੂਆ ਵਾਂਗ। ਇਸਦੇ ਉਲਟ ਉਸ ਦੇ ਅੰਦਰ ਦੱਬੀ ਹੋਈ ਖਾਹਿਸ਼ ਜੋ ਭਾਰੀ ਬਸਤੇ ਹੇਠ ਦੱਬੀ ਗਈ ਸੀ, ਸਹਿਜ ਸੁਭਾ ਪ੍ਰਗਟ ਹੋ ਗਈ।

"ਫੇਰ ਆਂਟੀ ਮੈਂ ਬਹੁਤ ਖੇਡਾਂਗੀ।"

ਉਹਦੀ ਮਾਸੂਮੀਅਤ ਅਤੇ ਭੋਲੇਪਣ ਨੇ ਮੈਨੂੰ ਇਕ ਪਲ ਲਈ ਉਦਾਸ ਕਰ ਦਿੱਤਾ।

- ਰਾਜਿੰਦਰ ਕੌਰ ਵੰਤਾ

ਸਾਂਝ

"ਨਾ ਮੰਮੀ, ਨਾ ਮਾਰੀਂ!" ਦਸ ਕੁ ਸਾਲ ਦੇ ਭੋਲੂ ਨੇ ਆਪਣੀ ਮੰਮੀ ਅੱਗੇ ਹੱਥ ਜੋੜਦਿਆਂ ਕਿਹਾ।

"ਨਹੀਂ ਮੈਂ ਤੈਨੂੰ ਹੁਣੇ ਦੱਸਦੀ ਆਂ। ਹੁਣ ਖੇਡੇਂਗਾ ਉਹਦੇ ਨਾਲ?" ਕਹਿੰਦਿਆਂ ਊਸ਼ਾ ਦੇਵੀ ਨੇ ਸੋਟੀ ਮੁੰਡੇ ਦੇ ਗਿੱਟਿਆਂ ਉੱਤੇ ਦੇ ਮਾਰੀ।

ਸੋਟੀ ਵੱਜਦਿਆਂ ਹੀ ਭੋਲੂ ਦੀ ਚੀਕ ਨਿਕਲ ਗਈ। ਊਸ਼ਾ ਦੇਵੀ ਨੇ ਫਿਰ ਤੋਂ ਸੋਟੀ ਮਾਰਨ ਲਈ ਹੱਥ ਚੁੱਕਿਆ ਹੀ ਸੀ ਕਿ ਉਸ ਦੇ ਪਤੀ ਪੰਡਿਤ ਕ੍ਰਿਸ਼ਨਕਾਂਤ ਨੇ ਆ ਉਹਦਾ ਹੱਥ ਫੜ ਲਿਆ। ਪਿਤਾ ਨੂੰ ਆਇਆ ਦੇਖ, ਬਚਾਅ ਲਈ ਭੋਲੂ ਉਹਦੀਆਂ ਲੱਤਾਂ ਨਾਲ ਚਿੰਬੜ ਗਿਆ।

"ਹੁਣ ਕਿੱਧਰ ਜਾਨੈਂ? ਤੈਨੂੰ ਕਿੰਨੀ ਵਾਰ ਕਿਹੈ, ਪਰ ਤੇਰੇ 'ਤੇ ਕੋਈ ਅਸਰ ਨਹੀਂ।" ਊਸ਼ਾ ਦੇਵੀ ਫਿਰ ਭੋਲੂ ਵੱਲ ਹੋਈ।

"ਕੀ ਗੱਲ ਹੋਗੀ? ਕਿਉਂ ਮੁੰਡੇ ਨੂੰ ਮਾਰੀ ਜਾਨੀਂ ਐਂ?" ਸਹਿਮੇ ਮੁੰਡੇ ਦੀ ਪਿੱਠ ਉੱਤੇ ਹੱਥ ਰੱਖਦਿਆਂ ਕ੍ਰਿਸ਼ਣਕਾਂਤ ਨੇ ਆਪਣੀ ਘਰਵਾਲੀ ਨੂੰ ਪੁੱਛਿਆ।

"ਹੋਣਾ ਕੀ ਐ, ਜਦੋਂ ਵੇਖੋ ਵਿਹੜੇ ਵਾਲਿਆਂ ਦੇ ਮੁੰਡੇ ਨਾਲ ਖੇਡਦਾ ਰਹਿੰਦੈ। ਉਹਦੀ ਬਾਂਹ 'ਚ ਬਾਂਹ ਪਾ ਤੁਰਿਆ ਫਿਰਦੈ। ਕਦੇ ਉਹਦੇ ਘਰ ਆਪ ਜਾ ਵੜਦੈ, ਕਦੇ ਉਹਨੂੰ ਆਪਣੇ ਘਰ ਲੈ ਆਉਂਦੈ...ਮੈਨੂੰ ਨਹੀਂ ਇਹ ਗੱਲਾਂ ਚੰਗੀਆਂ ਲਗਦੀਆਂ। ਇਹਨੂੰ ਕਈ ਵ

26-March-Sunday.qxd 3/25/2023 9:45 PM Page 2

ਲੇਖਕ-ਪਾਠਕ

ਮੈਂ ਤੇ ਮੇਰੇ ਪਾਠਕ

ਮਹਿੰਦਰ ਸਿੰਘ ਦੋਸਾਂਝ

ਮਾਰਚ 1956 ਵਿਚ ਰੋਜ਼ਾਨਾ ਨਵਾਂ ਜ਼ਮਾਨਾ ਲਈ ਭੇਜੀਆਂ ਮੇਰੀਆਂ ਦੋ ਰਚਨਾਵਾਂ ਪੜ੍ਹ ਕੇ ਅਖਬਾਰ ਦੇ ਸੰਪਾਦਕ ਅਤੇ ਨਾਮਵਰ ਲੇਖਕ, ਅਨੁਵਾਦਕ ਤੇ ਵਿਦਵਾਨ ਸ. ਜਗਜੀਤ ਸਿੰਘ ਆਨੰਦ ਨੇ ਮੈਨੂੰ ਭੇਜੀ ਚਿੱਠੀ ਵਿਚ ਲਿਖਿਆ ਸੀ ਕਿ "ਤੁਹਾਡੀ ਕਵਿਤਾ ਹੁਣੇ ਨਵਾਂ ਜ਼ਮਾਨਾ ਵਿਚ ਛਾਪ ਰਹੇ ਹਾਂ। ਕਹਾਣੀ 'ਗਿਰਝਾਂ' ਛਾਪਣ ਲਈ ਰੱਖ ਲਈ ਹੈ, ਸਾਹਿਤਕ ਖੇਤਰ ਵਿਚ ਤੁਹਾਡਾ ਭਵਿੱਖ ਮੈਨੂੰ ਰੌਸ਼ਨ ਨਜ਼ਰ ਆ ਰਿਹਾ ਹੈ।"

ਮੇਰੇ ਵਾਸਤੇ ਅਭੁੱਲ ਦਸਤਾਵੇਜ਼ ਬਣੀ ਇਹ ਮਹੱਤਵਪੂਰਨ ਚਿੱਠੀ ਸਾਹਿਤ ਸਿਰਜਣ ਲਈ ਅੱਗੇ ਵਧਣ ਵਾਸਤੇ ਮੇਰੇ ਲਈ ਪ੍ਰੇਰਨਾ-ਸਰੋਤ ਸਾਬਤ ਹੋਈ ਤੇ ਮੈਨੂੰ ਇਉਂ ਮਹਿਸੂਸ ਹੋਇਆ, ਜਿਵੇਂ ਆਨੰਦ ਸਾਹਿਬ ਮੇਰੀਆਂ ਰਚਨਾਵਾਂ ਦੀ ਨਿਰਪੱਖ ਦ੍ਰਿਸ਼ਟੀ ਨਾਲ ਚੋਣ ਕਰਨ ਵਾਲੇ ਮਹਾਨ ਸੰਪਾਦਕ ਵੀ ਸਨ ਤੇ ਮੇਰੇ ਮਾਣਯੋਗ ਪਾਠਕ ਵੀ, ਏਡੀ ਮਾਣਮੱਤੀ ਪਹਿਲੀ ਚਿੱਠੀ ਜਿਵੇਂ ਕਾਬਲ ਸੰਪਾਦਕ ਦੇ ਨਾਲ-ਨਾਲ ਕਿਸੇ ਕਾਬਲ ਪਾਠਕ ਦੀ ਵੀ ਲਿਖੀ ਮੈਨੂੰ ਮਹਿਸੂਸ ਹੋਈ।

1970 ਤੱਕ ਅਖਬਾਰਾਂ ਵਿੱਚ ਸਮੇਂ-ਸਮੇਂ ਛਪਦੇ ਮੇਰੇ ਲੇਖਾਂ, ਕਵਿਤਾਵਾਂ ਤੇ ਕਹਾਣੀਆਂ ਬਾਰੇ ਵਿਰਲੇ-ਟਾਂਵੇਂ ਪਾਠਕਾਂ ਵੱਲੋਂ ਮੈਨੂੰ ਡਾਕ ਰਾਹੀਂ ਚਿੱਠੀਆਂ ਆਉਂਦੀਆਂ ਸਨ, ਕਿਉਂਕਿ ਉਦੋਂ ਨਾ ਤਾਂ ਮੇਰੇ ਕੋਲ ਤੇ ਨਾ ਮੇਰੇ ਬਹੁਤੇ ਪਾਠਕਾਂ ਕੋਲ ਟੈਲੀਫੋਨ ਦੀ ਸੁਵਿਧਾ ਸੀ।

ਸੰਨ 1980 ਵਿੱਚ ਮੈਂ ਆਪਣੇ ਘਰੇ ਲੈਂਡਲਾਈਨ ਫੋਨ ਲਗਾਇਆ ਤੇ ਕਈ ਪਾਠਕਾਂ ਵੱਲੋਂ ਫੋਨ ਰਾਹੀਂ ਮੇਰੀਆਂ ਰਚਨਾਵਾਂ ਬਾਰੇ ਪ੍ਰਸੰਸਾ ਤੇ ਚਰਚਾ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ, ਪਰ 21ਵੀਂ ਸਦੀ ਚੜ੍ਹਦਿਆਂ ਮੋਬਾਇਲ ਫੋਨ ਦੀ ਵੱਡੀ ਪੱਧਰ 'ਤੇ ਵਰਤੋਂ ਸ਼ੁਰੂ ਹੋਈ ਤਾਂ ਅਖਬਾਰਾਂ-ਰਸਾਲਿਆਂ ਵਿੱਚ ਛਪੀਆਂ ਮੇਰੀਆਂ ਰਚਨਾਵਾਂ ਬਾਰੇ ਪਾਠਕਾਂ ਦੇ ਫੋਨਾਂ ਦਾ ਜਿਵੇਂ ਤੇਜ਼ ਹੜ੍ਹ ਆਉਣਾ ਸ਼ੁਰੂ ਹੋ ਗਿਆ, ਕਿਸੇ ਵੀ ਰਚਨਾ ਦੇ ਛਪਣ ਉਪਰੰਤ ਲੱਗਭੱਗ ਦੋ-ਤਿੰਨ ਦਿਨ ਪਾਠਕਾਂ ਦੇ ਨਿਰੰਤਰ ਫੋਨ ਸੁਣਨ ਲਈ ਮੇਰੇ ਬਾਕੀ ਸਾਰੇ ਕੰਮ ਛੁੱਟ ਜਾਂਦੇ, ਲੱਗਭੱਗ 6 ਮਹੀਨਿਆਂ ਵਿਚ ਲੈਂਡ ਲਾਈਨ ਰਾਹੀਂ ਆਏ ਪਾਠਕਾਂ ਦੇ ਫੋਨਾਂ ਦੀ ਗਿਣਤੀ ਸੈਂਕੜਿਆਂ ਤੋਂ ਟੱਪ ਕੇ ਮੋਬਾਇਲ ਰਾਹੀਂ ਹਜ਼ਾਰਾਂ ਤੱਕ ਪਹੁੰਚ ਗਈ, ਹੁਣ ਤੱਕ ਮੈਨੂੰ ਆਉਣ ਵਾਲੇ ਪਾਠਕਾਂ ਦੇ ਲੱਗਭੱਗ ਪਚਾਸੀ ਫੀਸਦੀ ਫੋਨ ਮੇਰੀਆਂ ਰਚਨਾਵਾਂ ਦੀ ਪ੍ਰਸੰਸਾ ਨਾਲ ਹੀ ਜੁੜੇ ਹੁੰਦੇ ਹਨ, ਇਨ੍ਹਾਂ ਵਿੱਚੋਂ ਕਈ ਪਾਠਕ ਅਕਸਰ ਮੇਰੀ ਲੰਬੀ ਉਮਰ ਲਈ ਪ੍ਰਾਰਥਨਾਵਾਂ ਤੇ ਕਾਮਨਾ ਕਰਦੇ ਹਨ।

ਲੱਗਭੱਗ ਦਸ ਫੀਸਦੀ ਪਾਠਕ ਮੇਰੀਆਂ ਰਚਨਾਵਾਂ ਬਾਰੇ ਗੰਭੀਰ ਸਲਾਹਾਂ ਦੇਣ ਤੇ ਰਚਨਾਵਾਂ ਵਿੱਚ ਰਹਿ ਗਈਆਂ ਘਾਟਾਂ ਨੂੰ ਦੂਰ ਕਰਕੇ ਸੰਪੂਰਨ ਰੂਪ ਦੇਣ ਲਈ ਮੈਨੂੰ ਸਲਾਹਾਂ ਤੇ ਸਹਿਯੋਗ ਦਿੰਦੇ ਹਨ।

ਲੱਗਭੱਗ ਪੰਜ ਫੀਸਦੀ ਮੇਰੇ ਪਾਠਕ ਮੇਰੀਆਂ ਰਚਨਾਵਾਂ ਦੀ ਸਖਤ ਆਲੋਚਨਾ ਤੇ ਕਿੰਤੂ ਕਰਨ ਵਾਲੇ ਵੀ ਹੁੰਦੇ ਹਨ, ਇਨ੍ਹਾਂ ਵਿੱਚੋਂ ਬਹੁਤਿਆਂ ਦੇ ਫੋਨ ਆਉਂਦੇ ਹਨ, ਜਦੋਂ ਮੈਂ ਆਪਣੀ ਕਿਸੇ ਰਚਨਾ ਵਿੱਚ ਕੱਟੜ ਧਾਰਮਿਕ ਅੰਧ-ਵਿਸ਼ਵਾਸ ਜਾਂ ਰਾਜਨੀਤਕ ਪਾਰਟੀਆਂ ਅੰਦਰ ਤੇਜ਼ੀ ਨਾਲ ਆ ਰਹੀ ਗਿਰਾਵਟ ਅਤੇ ਜਾਤੀਵਾਦ ਬਾਰੇ ਆਪਣੇ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਤੋਂ ਖੁੱਦਦਾਰੀ ਨਾਲ ਉਂਗਲਾਂ ਧਰਾਂ ਜਾਂ ਟਿੱਪਣੀ ਕਰਾਂ।

ਆਪਣੀਆਂ ਰਚਨਾਵਾਂ ਦੇ ਪਾਠਕਾਂ ਲਈ ਮੈਂ ਕਿਸੇ ਸਮੇਂ ਵੀ ਉਨ੍ਹਾਂ ਦੇ ਫੋਨ ਸੁਣਨ ਲਈ ਅਕਸਰ ਤਿਆਰ ਰਹਿੰਦਾ ਹਾਂ, ਫੋਨ ਰਾਹੀਂ ਮੇਰੀ ਕਿਸੇ ਰਚਨਾ ਦੀ ਕੇਵਲ ਪ੍ਰਸੰਸਾ ਕਰਨ ਜਾਂ ਥੋੜ੍ਹਾ ਸਮਾਂ ਲੈਣ ਵਾਲੇ ਪਾਠਕਾਂ ਦੀ ਮੈਂ ਹਰ ਸਮੇਂ ਪੂਰੀ ਗੱਲ ਸੁਣ ਲੈਂਦਾ ਹਾਂ, ਮੇਰੀਆਂ ਰਚਨਾਵਾਂ ਦਾ ਪੂਰਾ ਵਿਸ਼ਲੇਸ਼ਣ ਕਰਨ ਅਤੇ ਵੱਖ-ਵੱਖ ਸਲਾਹਾਂ ਦੇਣ ਲਈ ਵਿਸਤ੍ਰਿਤ ਸੰਵਾਦ ਰਚਾਉਣ ਵਾਲੇ ਪਾਠਕਾਂ ਨੂੰ ਮੈਂ ਉਨ੍ਹਾਂ ਦੇ ਫੋਨ ਸੁਣਨ ਲਈ ਖੁੱਲ੍ਹਾ ਤੇ ਨਿਸ਼ਚਿਤ ਸਮਾਂ ਦਿੰਦਾ ਹਾਂ, ਅਜਿਹਾ ਸਮਾਂ ਮੈਂ ਗਰਮੀਆਂ ਵਿੱਚ ਸ਼ਾਮ ਨੂੰ ਸਾਢੇ ਅੱਠ ਵਜੇ ਤੋਂ ਦਸ ਵਜੇ ਤੱਕ ਤੇ ਸਰਦੀਆਂ ਵਿੱਚ ਸਾਢੇ ਸੱਤ ਤੋਂ ਨੌਂ ਵਜੇ ਤੱਕ ਨਿਸ਼ਚਿਤ ਕੀਤਾ ਹੋਇਆ ਹੈ।

ਕਈ ਪਾਠਕ ਕਈ ਵਾਰ ਮੈਨੂੰ ਫੋਨ ਕਰਕੇ ਆਖਦੇ ਹਨ, "ਸਰਦਾਰ ਜੀ ਅਸੀਂ ਹੋਰ ਵੀ ਕਈ ਲੇਖਕਾਂ ਨੂੰ ਜਿਨ੍ਹਾਂ ਦੀਆਂ ਰਚਨਾਵਾਂ ਸਾਨੂੰ ਚੰਗੀਆਂ ਲੱਗਦੀਆਂ ਹਨ, ਫੋਨ ਕਰਦੇ ਰਹਿੰਦੇ ਹਾਂ, ਪਰ ਬਹੁਤੇ ਲੇਖਕ ਤਾਂ ਸਾਡਾ ਫੋਨ ਚੁੱਕਦੇ ਹੀ ਨਹੀਂ ਜਾਂ ਚੁੱਕ ਕੇ ਬੰਦ ਕਰ ਲੈਂਦੇ ਆ ਜਿਹੜੇ ਚੁੱਕ ਲੈਂਦੇ ਨੇ, ਉਨ੍ਹਾਂ ਵਿੱਚ ਬਹੁਤੇ ਫਟਾਫਟ ਫਾਹਾ ਵੱਢਣ ਵਾਲੀਆਂ ਗੱਲਾਂ ਕਰਦੇ ਆ। ਤੁਹਾਨੂੰ ਫੋਨ ਕਰਕੇ ਤਾਂ ਮਨ ਜਿੱਦਾਂ ਖ਼ੁਸ਼ ਤੇ ਪੂਰਾ ਨਿਹਾਲ ਹੋ ਜਾਂਦਾ ਹੈ।"

ਮੇਰੀਆਂ ਰਚਨਾਵਾਂ ਦੇ ਅਣਗਿਣਤ ਪਾਠਕਾਂ ਦੀ ਵੱਖ-ਵੱਖ ਤਰ੍ਹਾਂ ਦੀ ਮਾਨਸਿਕਤਾ, ਵੱਖਰੀ-ਵੱਖਰੀ ਸੋਚ ਤੇ ਆਪੋ-ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ, ਇਨ੍ਹਾਂ ਵਿੱਚੋਂ ਇਕ ਤੋਂ ਵੱਧ ਵਾਰ ਮੈਨੂੰ ਫੋਨ ਕਰਨ ਵਾਲੇ ਬਹੁਤੇ ਮੇਰੇ ਪਾਠਕ ਅਕਸਰ ਮੇਰੀ ਮਾਨਸਿਕਤਾ ਤੇ ਮੇਰੇ ਸਮੇਂ ਦੇ ਮਹੱਤਵ ਨੂੰ ਸਮਝਦੇ ਹਨ।

ਬਹੁਤ ਸਾਰੇ ਮੇਰੀਆਂ ਰਚਨਾਵਾਂ ਦੇ ਪਾਠਕ ਫ਼ੋਨ ਕਰਕੇ ਮੈਨੂੰ ਮਿਲਣ, ਸਲਾਹਾਂ ਲੈਣ ਤੇ ਮੇਰਾ ਖੇਤੀਬਾੜੀ ਫਾਰਮ ਵੇਖਣ ਲਈ ਵੀ ਆ ਜਾਂਦੇ ਹਨ, ਉਨ੍ਹਾਂ ਨੂੰ ਇੱਥੇ ਮਿਲ ਕੇ ਮੈਨੂੰ ਅਕਸਰ ਖ਼ੁਸ਼ੀ ਤੇ ਤਸੱਲੀ ਹੁੰਦੀ ਹੈ, ਉਨ੍ਹਾਂ ਨੂੰ ਮਿਲਣ ਲਈ ਸਮੇਂ ਦੀ ਵਰਤੋਂ ਵਿਚ ਮੈਂ ਕਦੇ ਕੰਜੂਸੀ ਨਹੀਂ ਕਰਦਾ, ਪਰ ਸਭ ਤੋਂ ਵੱਧ ਪਰੇਸ਼ਾਨੀ ਮੈਨੂੰ ਉਨ੍ਹਾਂ ਪਾਠਕਾਂ ਦੇ ਪਧਾਰਨ ਨਾਲ ਹੁੰਦੀ ਹੈ, ਜਿਹੜੇ ਮਿਲਣ ਲਈ ਸਮਾਂ ਨਿਸ਼ਚਿਤ ਕੀਤੇ ਬਗੈਰ ਅਚਾਨਕ ਆ ਕੇ ਆਖਦੇ ਹਨ-"ਦੁਸਾਂਝ ਸਾਹਿਬ ਸਸਰੀਕਾਲ! ਅਸੀਂ ਫ਼ਲਾਣੇ ਪਿੰਡ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਸੀ ਸੋਚਿਆ ਜਾਂਦੇ-ਜਾਂਦੇ ਤੁਹਾਨੂੰ ਵੀ ਮਿਲ ਜਾਈਏ, ਨਾਲੇ ਤੁਹਾਡਾ ਫਾਰਮ ਦੇਖ ਜਾਈਏ।"

ਮੈਂ ਅਕਸਰ ਆਪਣੇ ਫਾਰਮ 'ਤੇ ਖੇਤੀ ਖੋਜਾਂ ਦੇ ਕੰਮਾਂ ਵਿੱਚ ਰੁੱਝਿਆ ਹੁੰਦਾ ਹਾਂ ਜਾਂ ਫੇਰ ਲਿਖਣ-ਪੜ੍ਹਨ ਦੇ ਜ਼ਰੂਰੀ ਕਾਰਜਾਂ ਵਿਚ ਰੁੱਝਿਆ ਰਿਹਾ ਹੁੰਦਾ ਹਾਂ, ਅਜਿਹੀ ਅਵਸਥਾ 'ਚ ਮੇਰੇ ਖੜ੍ਹੇ ਪੈਰ ਮੇਰੇ ਕੰਮ ਛੁੱਟ ਜਾਂਦੇ ਹਨ ਤੇ ਕੰਮ ਲਈ ਬਣੀ ਇਕਾਗਰਤਾ ਤੇ ਬਿਰਤੀ ਭੰਗ ਹੋ ਜਾਂਦੀ ਹੈ, ਮਨ ਉਪਰਾਮ ਹੋ ਜਾਂਦਾ ਹੈ ਤੇ ਮੁੜ ਕੇ ਕੰਮ ਨਾਲ ਰਿਸ਼ਤਾ ਜੋੜਨ ਵਿੱਚ ਦਿੱਕਤ ਆਉਂਦੀ ਹੈ, ਕੀਮਤੀ ਸਮੇਂ ਵਿਚ ਅਚਾਨਕ ਖਲਲ ਪੈ ਜਾਣ ਕਰਕੇ ਅਜਿਹੇ ਮਹਿਮਾਨਾਂ ਨਾਲ ਠੀਕ ਇਨਸਾਫ ਕਰਨ ਦੀ ਗੁੰਜਾਇਸ਼ ਵੀ ਘਟ ਜਾਂਦੀ ਹੈ, ਕਿਉਂਕਿ ਮੇਰੀ ਖੇਤੀ ਦਾ ਨਮੂਨਾ ਵੇਖਣ ਲਈ ਘੱਟੋ-ਘੱਟ ਤਿੰਨ ਘੰਟੇ ਚਾਹੀਦੇ ਹਨ।

ਮੈਨੂੰ ਯਾਦ ਆ ਰਿਹਾ ਹੈ ਮੇਰੇ ਤਿੰਨ ਪਾਠਕ ਮੈਨੂੰ ਬਿਨਾਂ ਦੱਸੇ ਫਾਜ਼ਿਲਕਾ ਤੋਂ ਚੱਲ ਕੇ ਮੇਰਾ ਖੇਤੀ ਫਾਰਮ ਵੇਖਣ ਲਈ ਮੇਰੇ ਨੇੜੇ ਮੁਕੰਦਪੁਰ ਕਸਬੇ ਤੱਕ ਪਹੁੰਚ ਗਏ ਤੇ ਇੱਥੇ ਆ ਕੇ ਮੈਨੂੰ ਫੋਨ ਕੀਤਾ, ਜਦੋਂ ਉਨ੍ਹਾਂ ਦਾ ਫੋਨ ਆਇਆ, ਉਦੋਂ ਮੈਂ ਚੰਡੀਗੜ੍ਹ ਨੂੰ ਜਾ ਰਿਹਾ ਸਾਂ ਤੇ ਮੁਹਾਲੀ ਪਹੁੰਚਿਆ ਹੋਇਆ ਸਾਂ ਏਡੀ ਦੂਰ ਆ ਕੇ ਮੁੜਨ ਨਾਲ ਉਨ੍ਹਾਂ ਦਾ ਨੁਕਸਾਨ ਤੇ ਖੱਜਲ-ਖੁਆਰੀ ਹੋਈ ਤੇ ਮੇਰਾ ਮਨ ਖ਼ਰਾਬ ਹੋਇਆ।

ਦੇਸ਼-ਵਿਦੇਸ਼ ਵਿੱਚ ਵਸਦੇ ਮੇਰੇ ਕਈ ਪਾਠਕ ਮੈਨੂੰ ਮਾਣ-ਸਨਮਾਨ ਦੇਣ ਲਈ ਆਪਣੇ ਕੋਲ ਸੱਦਣ ਲਈ ਪਿਆਰ ਨਾਲ ਸੱਦੇ ਦਿੰਦੇ ਰਹਿੰਦੇ ਹਨ ਅਤੇ ਕਦੇ-ਕਦੇ ਮੈਂ ਰੁਝੇਵਿਆਂ ਦੀ ਭੀੜ ਵਿੱਚੋਂ ਨਿਕਲ ਕੇ ਉਨ੍ਹਾਂ ਨਾਲ ਪਿਆਰ ਭਰੀਆਂ ਖੂਬਸੂਰਤ ਮਿਲਣੀਆਂ ਦੇ ਆਨੰਦ ਵੀ ਮਾਣੇ ਹਨ।

ਮੇਰੀਆਂ ਰਚਨਾਵਾਂ ਦੇ ਵਿਰਲੇ-ਟਾਂਵੇਂ ਪਾਠਕ ਅਜਿਹੇ ਵੀ ਹਨ, ਜਿਹੜੇ ਮੇਰੇ ਨਾਲ ਸੰਬੰਧਾਂ ਵਿੱਚੋਂ ਕੋਈ ਲੋੜ ਜਾਂ ਸੁਆਰਥ ਦੀ ਪੂਰਤੀ ਤਲਾਸ਼ ਕਰਦੇ ਹਨ, ਇਨ੍ਹਾਂ ਵਿੱਚੋਂ ਕੋਈ-ਕੋਈ ਪਾਠਕ ਕਈ ਵਾਰ ਆਪਣੇ ਕੰਮਾਂ ਤੇ ਲੋੜਾਂ ਵਾਸਤੇ ਕਿਤੇ ਕੋਈ ਸਿਫ਼ਾਰਸ਼ ਕਰਾਉਣ ਲਈ ਤੇ ਕੋਈ ਆਪਣੀਆਂ ਫਰਜ਼ੀ ਲੋੜਾਂ ਲਈ ਮੇਰੇ ਕੋਲੋਂ ਪੈਸਿਆਂ ਦੀ ਵੀ ਮੰਗ ਕਰ ਲੈਂਦਾ ਹੈ। ਕਈ ਪਾਠਕਾਂ ਦੇ ਜੀਵਨ ਦੀ ਉਲਝੀ ਤਾਣੀ ਨੂੰ ਠੀਕ ਕਰਨ ਲਈ ਮੈਨੂੰ ਕਈ ਵਾਰ ਉਪਰਾਲੇ ਵੀ ਕਰਨੇ ਪੈਂਦੇ ਹਨ।

ਇਸ ਲੇਖ ਵਿੱਚ ਆਪਣੇ ਨਵੇਂ ਪਾਠਕਾਂ ਨਾਲ ਪੁਰਾਣੇ ਪਾਠਕਾਂ ਦੀਆਂ ਖੱਟੀਆਂ-ਮਿੱਠੀਆਂ ਸਿਮਰਿਤੀਆਂ ਵੀ ਸਾਂਝੀਆਂ ਕਰ ਲਵਾਂ ਤੇ ਚੰਗਾ ਰਹੇਗਾ, ਸਤੰਬਰ 2019 ਵਿਚ ਪੰਜਾਬ ਵਿਚ ਇਕ ਵਿਸ਼ਾਲ ਖੇਤੀ ਮੇਲਾ ਲੱਗਿਆ ਹੋਇਆ ਸੀ, ਜਿਸ ਵਿੱਚ ਹਿਮਾਚਲ ਦੇ ਇੱਕ ਕਿਸਾਨ, ਇੱਕ ਬਨਸਪਤੀ ਵਿਗਿਆਨੀ ਤੇ ਇਕ ਸਮਾਜ ਸੇਵਕ ਤੇ ਨਾਮਵਰ ਸਰਪੰਚ ਦਾ ਸਨਮਾਨ ਹੋਣਾ ਸੀ, ਮੈਂ ਇਨ੍ਹਾਂ ਤਿੰਨਾਂ ਸੱਜਣਾਂ ਨੂੰ ਲੈ ਕੇ ਮੇਲੇ ਵਿੱਚ ਆਇਆ ਤੇ ਉਨ੍ਹਾਂ ਦੇ ਸਨਮਾਨ ਤੋਂ ਬਾਅਦ ਮੈਂ ਵਾਪਸ ਮੁੜਨ ਲੱਗਿਆਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਆਪਣੇ ਜੀਵਨ ਵਿੱਚ ਸਾਦਗੀ ਬਾਰੇ ਇਕ ਅਖਬਾਰ ਵਿੱਚੋਂ ਮੇਰਾ ਲੇਖ ਪੜ੍ਹ ਕੇ ਮੇਰੇ ਇੱਕ ਪਾਠਕ ਨੇ ਮੈਨੂੰ ਪ੍ਰਸੰਸਾ ਭਰਿਆ ਫ਼ੋਨ ਕੀਤਾ ਸੀ ਤੇ ਮਿਲਣ ਦੀ ਇੱਛਾ ਵੀ ਪ੍ਰਗਟ ਕੀਤੀ ਸੀ।

ਮੇਰਾ ਇਹ ਪਾਠਕ ਜਿੱਥੋਂ ਅਸੀਂ ਤੁਰਨ ਲੱਗੇ ਸੀ, ਇਸੇ ਸ਼ਹਿਰ ਵਿੱਚ ਸੈਸ਼ਨ ਜੱਜ ਸੀ, ਉਨ੍ਹਾਂ ਨੂੰ ਮਿਲਣ ਦੀ ਇੱਛਾ ਮੇਰੇ ਮਨ ਵਿੱਚ ਇਸ ਕਰਕੇ ਵੀ ਸੀ ਕਿ ਮੈਂ ਅਖਬਾਰਾਂ ਵਿੱਚ ਉਹਨਾਂ ਵੱਲੋਂ ਖੁਦਦਾਰੀ ਨਾਲ ਕੀਤੇ ਸਹੀ ਤੇ ਇਤਿਹਾਸਕ ਫੈਸਲਿਆਂ ਬਾਰੇ ਪੜ੍ਹਿਆ ਹੋਇਆ ਸੀ।

ਅਸੀਂ ਉਨ੍ਹਾਂ ਦੀ ਅਦਾਲਤ ਵਿੱਚ ਗਏ ਤਾਂ ਉਥੇ ਇਸ ਵਿਸ਼ਾਲ ਜ਼ਿਲ੍ਹੇ ਵਿੱਚੋਂ ਪੇਸ਼ੀਆਂ ਭੁਗਤਣ ਆਏ ਲੋਕਾਂ ਨਾਲ ਹਾਲ ਖਚਾ-ਖਚ ਭਰਿਆ ਹੋਇਆ ਸੀ ਤੇ ਮੈਂ ਆਪਣੇ ਨਾਂਅ ਵਾਲਾ ਕਾਰਡ ਰੀਡਰ ਨੂੰ ਦੇ ਕੇ ਸੈਸ਼ਨ ਜੱਜ ਨੂੰ ਮਿਲਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਕਿਹਾ, "ਕਾਰਡ ਮੈਂ ਭੇਜ ਦਿੰਦਾ ਹਾਂ, ਪਰ ਅੱਜ ਮੁਲਾਕਾਤ ਹੋਣੀ ਮੁਸ਼ਕਲ ਹੈ। ਅੱਜ ਉਨ੍ਹਾਂ ਕੋਲ ਕੇਸਾਂ ਦੀ ਬਹੁਤ ਭੀੜ ਹੈ।"

ਜਿਹੜਾ ਬੰਦਾ ਸਾਡਾ ਕਾਰਡ ਲੈ ਕੇ ਗਿਆ ਸੀ, ਉਹ ਮੁੜ ਕੇ ਆਇਆ ਤੇ ਸਾਨੂੰ ਸੈਸ਼ਨ ਜੱਜ ਕੋਲ ਲੈ ਗਿਆ। ਸੈਸ਼ਨ ਜੱਜ ਫ਼ੁਰਤੀ ਨਾਲ ਆਪਣੀ ਕੁਰਸੀ ਤੋਂ ਉੱਠ ਕੇ ਆਇਆ, ਮੇਰੇ ਪੈਰੀਂ ਹੱਥ ਲਾਇਆ ਤੇ ਸਤਿਕਾਰ ਨਾਲ ਸਾਨੂੰ ਕੁਰਸੀਆਂ 'ਤੇ ਬਿਠਾਲ ਕੇ ਨਾਲ ਬੈਠੇ ਜ਼ਿਲ੍ਹੇ ਦੇ ਸਰਕਾਰੀ ਵਕੀਲ ਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨਾਲ ਬਹੁਤ ਹੀ ਮਾਣ ਭਰੇ ਸ਼ਬਦਾਂ ਨਾਲ ਮੇਰੀ ਜਾਣ-ਪਛਾਣ ਕਰਵਾਈ ਤੇ ਕੋਈ ਠੰਢਾ ਜਾਂ ਗਰਮ ਕੌਫੀ ਪੀਣ ਲਈ ਸਾਡੀ ਇੱਛਾ ਪੁੱਛੀ।

ਮੈਂ ਕਿਹਾ, "ਅਸੀਂ ਤਾਂ ਤੁਹਾਨੂੰ ਜਾਂਦੇ-ਜਾਂਦੇ ਨਮਸਕਾਰ ਕਰਨ ਲਈ ਆਏ ਹਾਂ, ਤੁਹਾਡਾ ਸਮਾਂ ਬਹੁਤ ਕੀਮਤੀ ਹੈ। ਦੂਰੋਂ-ਦੂਰੋਂ ਲੋਕ ਪੇਸ਼ੀਆਂ ਭੁਗਤਣ ਲਈ ਆਏ ਬੈਠੇ ਆ।"

"ਮੈਂ ਸਭ ਨੂੰ ਤੁਰੰਤ ਨਵੀਂਆਂ ਤਰੀਕਾਂ ਦੇ ਕੇ ਤੁਹਾਨੂੰ ਮਿਲਣ ਲਈ ਵਿਹਲਾ ਹੋ ਗਿਆ ਹਾਂ", ਉਹ ਬੋਲੇ ਤੇ ਜਲਦੀ ਹੀ ਸਾਡੇ ਲਈ ਪਹਿਲਾਂ ਜੂਸ ਤੇ ਪਿੱਛੋਂ ਕਾਫ਼ੀ ਆ ਗਈ, ਸਾਨੂੰ ਖੁਦ ਕਾਫੀ ਦੇ ਕੱਪ ਫੜਾ ਕੇ ਉਹ ਕਹਿਣ ਲੱਗੇ, "ਮੇਰੀ ਦਿਲੀ ਇੱਛਾ ਹੈ ਨਾਂਹ ਨਾ ਕਰਿਓ ਤੁਸੀਂ ਜਿੰਨੇ ਬੰਦੇ ਆਏ ਹੋ, ਅੱਜ ਮੇਰੇ ਮਹਿਮਾਨ ਹੋਵੋਗੇ ਤੇ ਮੇਰੀ ਕੋਠੀ ਵਿੱਚ ਠਹਿਰਨਾ ਹੈ", ਪਰ ਅਸੀਂ ਉਨ੍ਹਾਂ ਤੋਂ ਖਿਮਾ ਮੰਗੀ ਤੇ ਧੰਨਵਾਦ ਕਰਕੇ ਮੈਂ ਦੱਸਿਆ "ਅੱਜ ਮੇਰੇ ਨਾਲ ਇਹ ਵੱਡੇ ਕਾਰੋਬਾਰੀ ਤੇ ਰੁਝੇਵਿਆਂ ਵਾਲੇ ਲੋਕ ਹਨ ਤੇ ਇਹ ਅੱਜ ਹੀ ਹਰ ਹਾਲਤ ਵਿੱਚ ਸੋਲਨ ਪਹੁੰਚਣਾ ਚਾਹੁੰਦੇ ਹਨ, ਫੇਰ ਕਦੀ ਮਿਲਣ ਹੋਵੇਗਾ।"

ਇੱਕ ਵੱਖਰੇ ਵਰਗ ਦੇ ਪਾਠਕਾਂ ਨਾਲ ਵੀ ਇੱਕ ਵਾਰ ਮੈਨੂੰ ਲੰਮਾ ਸੰਵਾਦ ਰਚਾਉਣਾ ਪਿਆ, 21 ਸਤੰਬਰ 2019 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਕਿਸਾਨ ਮੇਲੇ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਆਉਣ ਕਰਕੇ ਪੰਜਾਬ ਪੁਲਸ ਵੱਲੋਂ ਸੁਰੱਖਿਆ ਦੇ ਨਾਂਅ 'ਤੇ ਮੇਲੇ 'ਚ ਆਏ ਕਿਸਾਨਾਂ, ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਅਮਲੇ ਨਾਲ ਸਖ਼ਤ ਧੱਕਾ ਤੇ ਦੁਰਵਿਵਹਾਰ ਕੀਤਾ ਗਿਆ, ਇਸ ਧੱਕੇ ਤੇ ਦੁਰਵਿਵਹਾਰ ਬਾਰੇ ਮੈਂ ਇਕ ਲੇਖ ਲਿਖਿਆ ਤੇ ਇਹ ਲੇਖ ਪੰਜਾਬੀ ਦੇ ਇੱਕ ਨਾਮਵਰ ਅਖ਼ਬਾਰ ਵਿੱਚ 19 ਅਕਤੂਬਰ 2019 ਦੇ ਅੰਕ ਵਿੱਚ ਸੰਪਾਦਕੀ ਪੰਨੇ 'ਤੇ ਛਪਿਆ। ਇਹ ਲੇਖ ਪੜ੍ਹ ਕੇ ਪੁਲਸ ਵਿਭਾਗ ਵਿੱਚੋਂ ਇਕ ਸਿਪਾਹੀ ਤੋਂ ਲੈ ਕੇ ਸੀਨੀਅਰ ਇੰਸਪੈਕਟਰ ਪੱਧਰ ਦੇ ਲੋਕਾਂ ਨੇ ਮੈਨੂੰ ਅਨੇਕਾਂ ਫੋਨ ਕੀਤੇ। ਫਾਜ਼ਿਲਕਾ, ਗੁਰਦਾਸਪੁਰ ਤੇ ਮੋਹਾਲੀ ਤੋਂ ਆਏ ਪੁਲਸ ਅਧਿਕਾਰੀਆਂ ਦੇ ਗੱਲਬਾਤ ਦੇ ਅੰਦਾਜ਼ ਵਿਚ ਮੈਨੂੰ ਮਾਮੂਲੀ ਜਿਹੀਆਂ ਧਮਕੀਆਂ ਦਾ ਝਾਉਲਾ ਪਿਆ ਤੇ ਮੈਨੂੰ ਗੁੱਸਾ ਆ ਗਿਆ ਤੇ ਮੈਂ ਕਿਹਾ, "ਮੈਂ ਜੋ ਅੱਖੀਂ ਵੇਖਿਆ, ਉਹ ਲਿਖਿਆ ਹੈ, ਅਜਿਹਾ ਸੱਚ ਮੈਂ ਬਿਨਾਂ ਝਿਜਕ ਆਉਣ ਵਾਲੇ ਸਮੇਂ ਵਿੱਚ ਵੀ ਬਿਆਨ ਕਰਦਾ ਰਹਾਂगा, ਤੁਸੀਂ ਫੋ